ਐਤਵਾਰ, 4 ਅਗਸਤ, 2024
20 ਸਾਉਣ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 64

ਨਵਾਂ ਜ਼ਮਾਨਾ

DAILY NAWAN ZAMANA • SUNDAY, 4 AUGUST, 2024
ਜਲੰਧਰ
nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਦੂਜੀ ਦੁਨੀਆ ਦੇ ਬੱਚੇ ਬਚਾਏ

ਵਾਇਨਾਡ : ਕੇਰਲਾ ਦੇ ਵਾਇਨਾਡ ਵਿਚ ਪਹਾੜ 'ਤੇ ਫਸੇ ਆਦਿਵਾਸੀ ਭਾਈਚਾਰੇ ਦੇ ਚਾਰ ਬੱਚਿਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਜੰਗਲਾਤ ਮੁਲਾਜ਼ਮਾਂ ਨੇ 8-9 ਘੰਟੇ ਦੀ ਮੁਹਿਮ ਤੋਂ ਬਾਅਦ ਸਲਾਮਤ ਬਚਾਅ ਲਿਆ। ਕਲਪੇਟਾ ਰੇਂਜ ਦੇ ਜੰਗਲਾਤ ਅਧਿਕਾਰੀ ਕੇ ਹਸ਼ੀਸ਼ ਦੀ ਅਗਵਾਈ ਵਿਚ ਚਾਰ ਮੈਂਬਰਾਂ ਦੀ ਟੀਮ ਵੀਰਵਾਰ ਖਤਰਨਾਕ ਰਾਹਾਂ 'ਤੇ ਰਵਾਨਾ ਹੋਈ। ਵਾਇਨਾਡ ਦੇ ਪਨੀਆ ਭਾਈਚਾਰੇ ਦਾ ਪਰਵਾਰ ਇਕ ਗੁਫਾ 'ਚ ਫਸਿਆ ਹੋਇਆ ਸੀ, ਨਾਲ ਡੂੰਘੀ ਖੱਡ ਸੀ। ਬੱਚੇ ਇਕ ਤੋਂ ਚਾਰ ਸਾਲ ਦੇ ਸਨ। ਟੀਮ ਨੂੰ ਗੁਫਾ ਤੱਕ ਪੁੱਜਣ 'ਚ ਸਾਢੇ ਚਾਰ ਘੰਟੇ ਲੱਗੇ। ਪਹਿਲਾਂ ਟੀਮ ਨੂੰ ਮਹਿਲਾ ਤੇ ਇਕ ਚਾਰ ਸਾਲ ਦਾ ਬੱਚਾ ਮਿਲਿਆ। ਪੁੱਛਣ 'ਤੇ ਤਿੰਨ ਹੋਰ ਬੱਚਿਆਂ ਦੇ ਪਿਤਾ ਨਾਲ ਗੁਫਾ 'ਚ ਹੋਣ ਦੀ ਜਾਣਕਾਰੀ ਮਿਲੀ। ਉਨ੍ਹਾਂ ਕੋਲ ਖਾਣ-ਪੀਣ ਲਈ ਕੁਝ ਨਹੀਂ ਸੀ। ਪਨੀਆ ਭਾਈਚਾਰੇ ਦੇ ਲੋਕ ਆਮ ਤੌਰ 'ਤੇ ਹੋਰਨਾਂ ਨਾਲ ਘੁਲਦੇ-ਮਿਲਦੇ ਨਹੀਂ। ਜੰਗਲੀ ਖਾਣੇ 'ਤੇ ਨਿਰਭਰ ਰਹਿੰਦੇ ਹਨ। ਭਾਰੀ ਮੀਂਹ ਤੇ ਜ਼ਮੀਨ ਖਿਸਕਣ ਕਾਰਨ ਪਰਵਾਰ ਫਸ ਗਿਆ ਸੀ। ਬੱਚਿਆਂ ਦਾ ਬੁਰਾ ਹਾਲ ਸੀ। ਕਾਫੀ ਸਮਝਾਉਣ 'ਤੇ ਪਿਤਾ ਦੇ ਮਨਾਉਣ 'ਤੇ ਉਹ ਬਿਸੁਕਟ ਆਦਿ ਖਾਣ ਲਈ ਮੰਨੇ। ਸਭ ਨੂੰ ਮੁਲਾਜ਼ਮ ਸਰੀਰਾਂ ਨਾਲ ਬੰਨ੍ਹ ਕੇ ਹੇਠਾਂ ਲਿਆਏ।

ਬੀ ਐੱਸ ਐੱਫ ਦਾ ਚੀਫ ਤੇ ਡਿਪਟੀ ਚਾਣਚਕ ਹਟਾਏ

ਨਿਤਿਨ ਅੱਗਰਵਾਲ ਯੋਗੇਸ਼ ਬਹਾਦਰ ਖੁਰਾਨੀਆ ਦਲਜੀਤ ਸਿੰਘ ਚੌਧਰੀ

ਨਵੀਂ ਦਿੱਲੀ : ਜੰਮੂ ਵਿਚ ਦਹਿਸ਼ਤਗਰਦਾਂ ਦੇ ਹਮਲਿਆਂ 'ਚ ਵਾਧੇ ਦਰਮਿਆਨ ਕੇਂਦਰ ਨੇ ਬੀ ਐੱਸ ਐੱਫ ਦੇ ਡਾਇਰੈਕਟਰ ਜਨਰਲ ਨਿਤਿਨ ਅਗਰਵਾਲ ਤੇ ਡਿਪਟੀ ਐਂਡ ਸਪੈਸ਼ਲ ਡਾਇਰੈਕਟਰ ਜਨਰਲ (ਵੈੱਸਟ) ਯੋਗੇਸ਼ ਬਹਾਦਰ ਖੁਰਾਨੀਆ ਨੂੰ ਹਟਾ ਕੇ ਉਨ੍ਹਾ ਦੇ ਹੋਮ ਕੇਡਰ ਵਿਚ ਭੇਜ ਦਿੱਤਾ ਹੈ। ਨਵੀਂ ਨਿਯੁਕਤੀ ਹੋਣ ਤੱਕ 1990 ਬੈਚ ਦੇ ਯੂ ਪੀ ਕੇਡਰ ਦੇ ਆਈ ਪੀ ਐੱਸ ਅਫਸਰ ਦਲਜੀਤ ਸਿੰਘ ਚੌਧਰੀ, ਜਿਹੜੇ ਸੀਮਾ ਸੁਰੱਖਿਆ ਬਲ ਦੇ ਡੀ ਜੀ ਹਨ, ਨੂੰ ਬੀ ਐੱਸ ਐੱਫ ਦੇ ਡੀ ਜੀ ਦਾ ਵਾਧੂ ਚਾਰਜ ਦਿੱਤਾ ਗਿਆ ਹੈ।

ਨਿਤਿਨ ਅਗਰਵਾਲ 1989 ਬੈਚ ਦੇ ਕੇਰਲਾ ਕੇਡਰ ਦੇ ਆਈ ਪੀ ਐੱਸ ਅਫਸਰ ਹਨ। ਉਹ ਬੀ ਐੱਸ ਐੱਫ ਦੇ ਪਹਿਲੇ ਡੀ ਜੀ ਹਨ, ਜਿਨ੍ਹਾ ਨੂੰ ਅੱਧਵਾਟੇ ਹਟਾਇਆ ਗਿਆ ਹੈ। ਉਨ੍ਹਾ ਪਿਛਲੇ ਸਾਲ 5 ਜੂਨ ਨੂੰ ਅਹੁਦਾ ਸੰਭਾਲਿਆ ਸੀ। ਉਨ੍ਹਾ ਦਾ ਕਾਰਜਕਾਲ 2026 ਤੱਕ ਦਾ ਸੀ। 1990 ਬੈਚ ਦੇ ਖੁਰਾਨੀਆ ਓਡੀਸ਼ਾ ਕੇਡਰ ਦੇ ਹਨ। ਉਹ ਪਾਕਿਸਤਾਨ ਬਾਰਡਰ 'ਤੇ ਸਕਿਉਰਟੀ ਦੇ ਇੰਚਾਰਜ ਸਨ। ਰਿਪੋਰਟਾਂ ਹਨ ਕਿ ਉਹ ਓਡੀਸ਼ਾ ਪੁਲਸ

● ਬਾਕੀ ਸਫ਼ਾ 2 'ਤੇ

ਤੀਜੇ ਨਿਸ਼ਾਨੇ ਤੋਂ ਖੁੰਝ ਗਈ ਅਰਜਨ ਦੀ ਭੈਣ

ਚੈਟੋਰੌਕਸ : ਮਨੂੰ ਭਾਕਰ ਪੈਰਿਸ ਉਲੰਪਿਕ ਦੇ 25 ਮੀਟਰ ਮਹਿਲਾ ਸਪੋਰਟਸ ਪਿਸਟਲ ਨਿਸ਼ਾਨੇਬਾਜ਼ੀ ਮੁਕਾਬਲੇ 'ਚ ਸ਼ਨੀਵਾਰ ਚੌਥੇ ਸਥਾਨ 'ਤੇ ਰਹਿ ਕੇ ਤੀਜਾ ਤਮਗਾ ਜਿੱਤਣ ਤੋਂ ਖੁੰਝ ਗਈ। 22 ਸਾਲਾ ਮਨੂੰ ਨੇ ਅੱਠ ਮਹਿਲਾਵਾਂ ਦੇ ਫਾਈਨਲ 'ਚ 28 ਦਾ ਸਕੋਰ ਕੀਤਾ ਅਤੇ ਹੰਗਰੀ ਦੀ ਨਿਸ਼ਾਨੇਬਾਜ਼ ਨਾਲ ਬਰਾਬਰ ਰਹੀ, ਪਰ ਸ਼ੂਟ-ਆਫ 'ਚ ਹੰਗਰੀ ਦੀ ਵੈਰੋਨਿਕਾ ਮੇਜਰ ਤੋਂ ਹਾਰ ਕੇ ਕਾਂਸੀ ਦਾ ਤਮਗਾ ਹਾਸਲ ਨਹੀਂ ਕਰ ਸਕੀ। ਸੀਨੀਅਰ ਤੀਰਅੰਦਾਜ਼ ਦੀਪਿਕਾ ਕੁਮਾਰ ਵਿਅਕਤੀਗਤ ਮੁਕਾਬਲੇ ਦੇ ਕੁਆਰਟਰ ਫਾਈਨਲ 'ਚ ਕੋਰੀਆ ਦੀ ਸੁਹਯਿਓਨ ਨਾਮ ਤੋਂ 4-6 ਨਾਲ ਹਾਰ ਗਈ। ਇਸ ਦੇ ਨਾਲ ਹੀ ਤੀਰਅੰਦਾਜ਼ੀ 'ਚ ਭਾਰਤ ਦੀ ਚੁਣੌਤੀ ਖਤਮ ਹੋ ਗਈ।

ਦੀਪਿਕਾ ਨੇ ਪ੍ਰੀ-ਕੁਆਰਟਰ ਫਾਈਨਲ 'ਚ ਜਰਮਨੀ ਦੀ ਮਿਸ਼ੇਲ ਕਰੌਪਨ ਨੂੰ 6-4 ਨਾਲ ਹਰਾ ਕੇ ਕੁਆਰਟਰ ਫਾਈਨਲ 'ਚ ਜਗ੍ਹਾ ਬਣਾਈ ਸੀ। ਇਸ ਤੋਂ ਪਹਿਲਾਂ ਇੱਕ ਹੋਰ ਭਾਰਤੀ ਮਹਿਲਾ ਤੀਰਅੰਦਾਜ਼ ਭਜਨ ਕੌਰ ਪ੍ਰੀ-ਕੁਆਰਟਰ ਫਾਈਨਲ ਦੌਰਾਨ ਸ਼ੂਟਆਊਟ 'ਚ ਇੰਡੋਨੇਸ਼ੀਆ ਦੀ ਦਿਆਨੰਦਾ ਚੋਇਰੋਨਿਸ਼ਾ ਤੋਂ 8-9 ਨਾਲ ਹਾਰ ਗਈ।

ਸੂਬਾ ਕੌਂਸਲ ਮੀਟਿੰਗ 10 ਨੂੰ

ਚੰਡੀਗੜ੍ਹ : ਸੀ ਪੀ ਆਈ ਪੰਜਾਬ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਦੱਸਿਆ ਕਿ ਸੂਬਾ ਕੌਂਸਲ ਦੀ ਮੀਟਿੰਗ 10 ਅਗਸਤ (ਸ਼ਨੀਵਾਰ) ਨੂੰ 10 ਵਜੇ ਸਵੇਰੇ ਪਾਰਟੀ ਦਫਤਰ ਅਜੈ ਭਵਨ, ਚੰਡੀਗੜ੍ਹ ਵਿਖੇ ਬੁਲਾਈ ਗਈ ਹੈ। ਲੋੜ ਪੈਣ 'ਤੇ ਮੀਟਿੰਗ ਅਗਲੇ ਦਿਨ ਵੀ ਚਲਾਈ ਜਾ ਸਕਦੀ ਹੈ। **ਏਜੰਡਾ** : ਸੀ ਪੀ ਆਈ ਦੀ ਕੌਮੀ ਕੌਂਸਲ ਦੀ ਰਿਪੋਰਟਿੰਗ, ਪੰਜਾਬ ਅੰਦਰ ਲੋਕ ਸਭਾ ਚੋਣਾਂ ਦਾ ਰੀਵਿਊ, ਕੌਮੀ ਅਤੇ ਸੂਬਾਈ ਰਾਜਸੀ ਹਾਲਤ, ਪੰਜਾਬ ਦੇ ਮੁੱਦਿਆਂ 'ਤੇ ਪਾਰਟੀ ਵੱਲੋਂ ਵਿਆਪਕ ਜਨਤਕ ਮੁਹਿਮ, ਨਵੰਬਰ ਦੇ ਅੱਧ ਤੱਕ ਸਾਰੇ ਸੂਬੇ ਵਿਚ ਰਿਜਨਲ ਪੱਧਰ 'ਤੇ 5 ਵੱਡੀਆਂ ਰੈਲੀਆਂ ਕਰਨ ਦੀ ਤਜਵੀਜ਼, (ਉਸ ਤੋਂ ਪਹਿਲਾਂ ਬਰਾਂਚਾਂ ਦੀਆਂ ਮੀਟਿੰਗਾਂ ਸਮੇਤ ਲੋਕਾਂ ਨਾਲ ਸੰਪਰਕ, ਬਲਾਕ ਪੱਧਰ ਤੇ ਜ਼ਿਲ੍ਹਾ ਪੱਧਰ ਦੀਆਂ ਜਨਰਲ ਬਾਡੀ ਮੀਟਿੰਗਾਂ) ਜਨਤਕ ਜਥੇਬੰਦੀਆਂ ਬਾਰੇ ਰਿਪੋਰਟਿੰਗ ਅਤੇ ਪਾਰਟੀ ਵਿੱਦਿਆ ਬਾਰੇ ਤੇ ਫੁਟਕਲ। 9 ਅਗਸਤ ਨੂੰ ਸੂਬਾ ਸਕੱਤਰੇਤ ਦੀ ਮੀਟਿੰਗ ਦੁਪਹਿਰ 2 ਵਜੇ ਹੋਵੇਗੀ।

ਕਲਕੱਤਾ 'ਵਰਸਿਟੀ ਦੀ ਵੀ ਸੀ ਦਾ 9 ਘੰਟੇ ਘਿਰਾਓ

ਕੋਲਕਾਤਾ : ਤ੍ਰਿਣਮੂਲ ਕਾਂਗਰਸ ਦੀ ਵਿਦਿਆਰਥੀ ਜਥੇਬੰਦੀ ਤ੍ਰਿਣਮੂਲ ਛਾਤਰ ਪ੍ਰੀਸ਼ਦ (ਟੀ ਐੱਮ ਸੀ ਪੀ) ਨੇ ਕਲਕੱਤਾ ਯੂਨੀਵਰਸਿਟੀ ਦੀ ਅੰਤਰਮ ਵਾਈਸ ਚਾਂਸਲਰ ਸ਼ਾਂਤਾ ਦੱਤਾ ਦਾ ਨੌਂ ਘੰਟੇ ਤੋਂ ਵੱਧ ਸਮੇਂ ਤੱਕ ਘਿਰਾਓ ਕੀਤਾ ਅਤੇ ਦਾਅਵਾ ਕੀਤਾ ਕਿ ਉਨ੍ਹਾ ਫੈਸਲਾ ਲੈਣ ਵਾਲੀ ਯੂਨੀਵਰਸਿਟੀ ਦੀ ਸਿਖਰਲੀ ਸੰਸਥਾ 'ਸਿੰਡੀਕੇਟ' ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ, ਜਦਕਿ ਉਨ੍ਹਾ ਦਾ ਕਾਰਜਕਾਲ ਸਮਾਪਤ ਹੋ ਚੁੱਕਾ ਹੈ। ਟੀ ਐੱਮ ਸੀ ਪੀ ਦੇ ਤਰਜਮਾਨ ਅਭੀਰੂਪ ਚਕਰਵਰਤੀ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਬਾਅਦ ਦੁਪਹਿਰ 3 ਵਜੇ ਤੋਂ ਅੱਧੀ ਰਾਤ ਤੱਕ ਘਿਰਾਓ ਕੀਤਾ ਗਿਆ। ਉਸ ਨੇ ਕਿਹਾ—ਕਿਉਂਕਿ ਸਾਡੀਆਂ ਸਮੈਸਟਰ ਪ੍ਰੀਖਿਆਵਾਂ ਇਕ ਦਿਨ ਬਾਅਦ ਸ਼ੁਰੂ ਹੋਣੀਆਂ ਹਨ ਅਤੇ ਦੱਤਾ ਦੀ ਉਮਰ ਤੇ ਸਿਹਤ ਸੰਬੰਧੀ ਸਮੱਸਿਆਵਾਂ ਨੂੰ ਦੇਖਦੇ ਹੋਏ ਅਸੀਂ ਘਿਰਾਓ ਅਣਮਿੱਥੇ ਸਮੇਂ ਤੱਕ ਜਾਰੀ ਨਹੀਂ ਰੱਖਿਆ। ਹਾਲਾਂਕਿ, ਵਿਦਿਆਰਥੀ ਦੱਤਾ ਦੀ ਪ੍ਰਧਾਨਗੀ 'ਚ ਕਦੇ ਵੀ 'ਸਿੰਡੀਕੇਟ' ਦੀ ਮੀਟਿੰਗ ਨਹੀਂ ਹੋਣ ਦੇਣਗੇ। ਅਸੀਂ ਇਸ ਨੂੰ ਨਾਜਾਇਜ਼ ਕਰਾਰ ਦਿੰਦੇ ਹਾਂ।

ਵਿਦਿਆਰਥੀ ਦੀ ਕਰਤੂਤ

ਨਵੀਂ ਦਿੱਲੀ : ਪੁਲਸ ਨੇ ਦਿੱਲੀ ਦੇ ਗ੍ਰੇਟਰ ਕੈਲਾਸ਼ ਸਥਿਤ ਸਮਰ ਫੀਲਡ ਸਕੂਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਵਾਲੀ ਈਮੇਲ ਕਰਨ ਵਾਲੇ 14 ਸਾਲਾ ਵਿਦਿਆਰਥੀ ਨੂੰ ਫੜ ਕੇ ਜਦੋਂ ਪੁੱਛਗਿੱਛ ਕੀਤੀ ਤਾਂ ਪਤਾ ਲੱਗਾ ਕਿ ਉਹ ਸਕੂਲ ਨਹੀਂ ਜਾਣਾ ਚਾਹੁੰਦਾ ਸੀ। ਉਸ ਨੇ ਈਮੇਲ ਵਿਚ ਦੋ ਹੋਰ ਸਕੂਲਾਂ ਦਾ ਵੀ ਜ਼ਿਕਰ ਕੀਤਾ ਸੀ, ਤਾਂ ਜੋ ਇਸ ਨੂੰ ਸੱਚਾ ਦਰਸਾਇਆ ਜਾ ਸਕੇ।

ਪੰਜ ਪੁਲਸਮੈਨ ਤੇ ਇਕ ਅਧਿਆਪਕ ਬਰਖਾਸਤ

ਸ੍ਰੀਨਗਰ : ਜੰਮੂ-ਕਸ਼ਮੀਰ ਉਪ ਰਾਜਪਾਲ ਮਨੋਜ ਸਿਨਹਾ ਨੇ ਰਾਸ਼ਟਰ ਵਿਰੋਧੀ ਗਤੀਵਿਧੀਆਂ 'ਚ ਸ਼ਮੂਲੀਅਤ ਦੇ ਦੋਸ਼ 'ਚ ਪੰਜ ਪੁਲਸ ਮੁਲਾਜ਼ਮਾਂ ਸਣੇ ਛੇ ਸਰਕਾਰੀ ਮੁਲਾਜ਼ਮਾਂ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਹੈ। ਮੁਲਾਜ਼ਮਾਂ ਦੀ ਪਛਾਣ ਹੌਲਦਾਰ ਫਾਰੂਕ ਅਹਿਮਦ ਸ਼ੇਖ, ਸਿਲੈਕਸ਼ਨ ਗਰੇਡ ਸਿਪਾਹੀ ਸੈਫ ਦੀਨ, ਖਾਲਿਦ ਹੁਸੈਨ ਸ਼ਾਹ, ਇਰਸ਼ਾਦ ਅਹਿਮ ਚਾਲਕੂ, ਸਿਪਾਹੀ ਰਹਿਮਤ ਸ਼ਾਹ ਅਤੇ ਅਧਿਆਪਕ ਨਜ਼ਮ ਦੀਨ ਵਜੋਂ ਹੋਈ ਹੈ। ਸਰਕਾਰ ਮੁਤਾਬਕ ਇਨ੍ਹਾਂ ਸਾਰਿਆਂ ਦੀ ਨਸ਼ਾ ਤਸਕਰੀ ਜਾਂ ਤਸਕਰਾਂ ਤੇ ਮਕਬੂਜ਼ਾ ਕਸ਼ਮੀਰ 'ਚ ਬੈਠੇ ਅੱਤਵਾਦੀਆਂ ਨਾਲ ਸੰਬੰਧ ਸਾਹਮਣੇ ਆਏ ਸਨ।

ਇਜ਼ਰਾਈਲ ਨੂੰ ਸਬਕ ਸਿਖਾਵਾਂਗੇ : ਈਰਾਨ

ਤਹਿਰਾਨ : ਈਰਾਨ ਨੇ ਸ਼ਨੀਵਾਰ ਕਿਹਾ ਕਿ ਹਮਾਸ ਦੇ ਪੁਲੀਟੀਕਲ ਚੀਫ ਇਸਮਾਈਲ ਹਨੀਯੇਹ ਨੂੰ ਤਹਿਰਾਨ ਵਿਚ ਉਸ ਦੀ ਠਹਿਰਨ ਵਾਲੀ ਥਾਂ 'ਤੇ ਬਾਹਰੋਂ 'ਸ਼ਾਰਟ ਰੇਂਜ ਪ੍ਰੋਜੈਕਟਾਈਲ' ਦੀ ਵਰਤੋਂ ਕਰਕੇ ਮਾਰਿਆ ਗਿਆ। ਈਰਾਨ ਦੇ ਰੈਵੋਲਿਊਸ਼ਨਰੀ ਗਾਰਡਜ਼ ਨੇ ਕਿਹਾ ਕਿ ਇਹ ਕਾਰਾ ਇਜ਼ਰਾਈਲ ਨੇ ਕੀਤਾ ਹੈ। ਉਸ ਨੇ ਇਸ ਵਿਚ ਅਮਰੀਕਾ ਨੂੰ ਵੀ ਇਜ਼ਰਾਈਲ ਦੀ ਮਦਦ ਕਰਨ ਦਾ ਦੋਸ਼ੀ ਠਹਿਰਾਇਆ ਹੈ।

ਹਨੀਯੇਹ ਨੂੰ 31 ਜੁਲਾਈ ਨੂੰ ਮਾਰ ਦਿੱਤਾ ਗਿਆ ਸੀ। ਉਹ ਈਰਾਨ ਦੇ ਨਵੇਂ ਰਾਸ਼ਟਰਪਤੀ ਮਸੂਦ ਪੇਜ਼ੇਸ਼ਕਿਅਨ ਦੇ ਸਹੁੰ ਚੁੱਕ ਸਮਾਗਮ ਵਿਚ ਹਿੱਸਾ ਲੈਣ ਤੋਂ ਬਾਅਦ ਗੈੱਸਟ ਹਾਊਸ 'ਚ ਸੀ, ਜਦੋਂ

ਹਨੀਯੇਹ ਦਾ ਪੋਸਟਰ ਚੁੱਕੀ ਲੋਕ ਯਮਨ ਦੇ ਸਾਨਾ 'ਚ ਸੰਯੁਕਤ ਰਾਸ਼ਟਰ ਦੇ ਦਫਤਰ ਅੱਗੇ ਮੁਜ਼ਾਹਰਾ ਕਰਦੇ ਹੋਏ।

ਹਮਲਾ ਕੀਤਾ ਗਿਆ। ਰੈਵੋਲਿਊਸ਼ਨਰੀ ਗਾਰਡਜ਼ ਨੇ ਦੁਹਰਾਇਆ ਹੈ ਕਿ ਹਨੀਯੇਹ ਦੀ ਮੌਤ ਦਾ ਬਦਲਾ ਲਿਆ ਜਾਵੇਗਾ ਤੇ ਇਜ਼ਰਾਈਲ ਨੂੰ ਸਖਤ ਸਜ਼ਾ ਮਿਲੇਗੀ।

ਇਸੇ ਦੌਰਾਨ ਅਮਰੀਕਾ ਨੇ ਕਿਹਾ ਹੈ ਕਿ ਉਹ ਈਰਾਨ, ਹਮਾਸ ਤੇ ਹਿਜ਼ਬੁੱਲ੍ਹਾ ਦੀਆਂ ਧਮਕੀਆਂ ਦੇ ਮੱਦੇਨਜ਼ਰ ਮੱਧ ਪੂਰਬ ਵਿਚ ਹੋਰ ਲੜਾਕੇ ਜੈੱਟ ਤੇ ਨੇਵੀ ਦੇ ਜੰਗੀ ਜਹਾਜ਼ ਤਾਇਨਾਤ ਕਰੇਗਾ। ਰੱਖਿਆ ਮੰਤਰੀ ਲਾਇਡ ਆਸਟਿਨ ਨੇ ਮੱਧ ਪੂਰਬ ਤੇ ਯੂਰਪ ਵਿਚ ਹੋਰ ਨੇਵੀ ਕਰੂਜ਼ਰ ਤੇ ਡਿਸਟ੍ਰਾਇਰ ਤਾਇਨਾਤ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਇਹ ਬਾਲਿਸਟਿਕ ਮਿਜ਼ਾਈਲਾਂ ਨੂੰ ਫੁੰਡ ਸਕਦੇ ਹਨ।

ਪੁਲਸ ਅਫਸਰ ਨੇ ਜਵਾਈ ਮਾਰ'ਤਾ

ਚੰਡੀਗੜ੍ਹ : ਇੱਥੇ ਸੈਕਟਰ-43 'ਚ ਸਥਿਤ ਜ਼ਿਲ੍ਹਾ ਅਦਾਲਤੀ ਕੰਪਲੈਕਸ 'ਚ ਸ਼ਨੀਵਾਰ ਪੰਜਾਬ ਦੇ ਮੁਅੱਤਲਸ਼ੁਦਾ ਏ ਆਈ ਜੀ ਮਾਲਵਿੰਦਰ ਸਿੰਘ ਸਿੱਧੂ ਨੇ ਆਪਣੇ ਇੰਡੀਅਨ ਸਿਵਲ ਅਕਾਊਂਟ ਸਰਵਿਸਿਜ਼ (ਆਈ ਸੀ ਏ ਐੱਸ) ਦੇ ਅਧਿਕਾਰੀ ਜਵਾਈ ਹਰਪ੍ਰੀਤ ਸਿੰਘ ਨੂੰ ਗੋਲੀ ਮਾਰ ਦਿੱਤੀ। ਉਸ ਨੂੰ ਗੰਭੀਰ ਹਾਲਤ 'ਚ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਚੰਡੀਗੜ੍ਹ ਪੁਲਸ ਨੇ ਸਿੱਧੂ ਨੂੰ ਗ੍ਰਿਫਤਾਰ ਕਰ ਲਿਆ ਹੈ। ਹਰਪ੍ਰੀਤ ਸਿੰਘ ਦਾ ਪਤਨੀ ਡਾ. ਅਮਿਤੋਜ ਕੌਰ ਨਾਲ ਤਲਾਕ ਦਾ ਕੇਸ ਚੱਲ ਰਿਹਾ ਸੀ। ਉਸੇ

ਮਾਲਵਿੰਦਰ ਸਿੰਘ ਸਿੱਧੂ।

ਮਾਮਲੇ 'ਚ ਦੋਵੇਂ ਧਿਰਾਂ ਜ਼ਿਲ੍ਹਾ ਅਦਾਲਤ 'ਚ ਸਥਿਤ ਮੈਡੀਏਸ਼ਨ ਸੈਂਟਰ 'ਚ ਇਕੱਠੀਆਂ ਹੋਈਆਂ। ਇਸ ਦੌਰਾਨ ਸਿੱਧੂ ਨੇ ਹਰਪ੍ਰੀਤ ਨੂੰ ਵਾਸ਼ਰੂਮ ਦਾ ਰਾਹ ਦੱਸਣ ਲਈ ਕਿਹਾ। ਕੁਝ ਦੇਰ ਬਾਅਦ ਪਿਸਤੌਲ ਕੱਢ ਕੇ ਗੋਲੀਆਂ ਮਾਰ ਦਿੱਤੀਆਂ।

2020 ਦੇ ਦਿੱਲੀ ਦੰਗਿਆਂ ਦੇ 6 ਮੁਲਜ਼ਮ ਬਰੀ

ਨਵੀਂ ਦਿੱਲੀ : ਐਡੀਸ਼ਨਲ ਸੈਸ਼ਨ ਜੱਜ ਪੁਲਸਤਯ ਪ੍ਰਮਾਚਲਾ ਨੇ 2020 'ਚ ਉੱਤਰ-ਪੂਰਬੀ ਦਿੱਲੀ 'ਚ ਭੜਕੇ ਫਿਰਕੂ ਦੰਗਿਆਂ ਦੌਰਾਨ ਹੋਈ ਅਗਜ਼ਨੀ, ਦੰਗਾ ਤੇ ਚੋਰੀ ਦੇ ਕਥਿਤ ਦੋਸ਼ੀ ਛੇ ਵਿਅਕਤੀਆਂ ਨੂੰ ਬਰੀ ਕਰ ਦਿੱਤਾ ਹੈ। ਦੋਸ਼ਾਂ ਮੁਤਾਬਕ ਇਨ੍ਹਾਂ ਛੇਆਂ ਨੇ 25 ਫਰਵਰੀ 2020 ਨੂੰ ਸ਼ਿਵ ਵਿਹਾਰ 'ਚ ਇਕ ਘਰ 'ਚ ਲੁੱਟ-ਖੋਹ, ਭੰਨ-ਤੋੜ ਅਤੇ ਅਗਜ਼ਨੀ ਕੀਤੀ। ਬਾਅਦ ਵਿੱਚ ਇਕ ਕਲੀਨਿਕ ਨੂੰ ਅੱਗ ਲਾਉਣ ਦੀ ਸ਼ਿਕਾਇਤ ਨੂੰ ਵੀ ਇਸ ਮਾਮਲੇ ਨਾਲ ਜੋੜ ਦਿੱਤਾ ਗਿਆ। ਫਾਜ਼ਲ ਜੱਜ ਨੇ ਕਿਹਾ ਕਿ ਸਰਕਾਰੀ ਧਿਰ ਨੇ ਮੁਲਜ਼ਮਾਂ ਖਿਲਾਫ ਸਬੂਤ ਵਜੋਂ ਡਿਜੀਟਲ ਵੀਡੀਓ ਰਿਕਾਰਡਰ (ਡੀ ਵੀ ਆਰ) ਪੇਸ਼ ਕੀਤਾ ਸੀ। ਹਾਲਾਂਕਿ, ਵੀਡੀਓ 'ਚ ਦਿਖ ਰਹੇ ਕਿਸੇ ਵੀ ਮੁਲਜ਼ਮ ਦੀ ਪਛਾਣ ਕਰਨ ਲਈ ਕੋਈ ਗਵਾਹ ਨਹੀਂ ਹੈ। ਜਾਂਚ ਅਧਿਕਾਰੀ ਨੇ ਵਿਗਿਆਨਕ ਜਾਂਚ ਰਾਹੀਂ ਜਾਂ ਮੁਲਜ਼ਮਾਂ ਦੀ ਨਮੂਨਾ ਤਸਵੀਰ ਨਾਲ ਵੀਡੀਓ ਦਾ ਵਿਸ਼ਲੇਸ਼ਣ ਕਰ ਕੇ ਕਿਸੇ ਵੀ ਮੁਲਜ਼ਮ ਦੀ ਮੌਜੂਦਗੀ ਸਾਬਤ ਕਰਨ ਲਈ ਕੋਈ ਕਦਮ ਨਹੀਂ ਉਠਾਇਆ। ਇਸ ਤਰ੍ਹਾਂ ਇਹ ਸਾਬਤ ਕਰਨ ਲਈ ਕੋਈ ਸਬੂਤ ਨਹੀਂ ਹੈ ਕਿ ਮੁਲਜ਼ਮ ਉਨ੍ਹਾਂ ਵੀਡੀਓਜ਼ 'ਚ ਦਿਖ ਰਹੇ ਹਨ। ਅਦਾਲਤ ਨੇ ਹਾਸ਼ਿਮ ਅਲੀ, ਅਬੂ ਬਕਰ, ਮੁਹੰਮਦ ਅਜ਼ੀਜ਼, ਰਾਸ਼ਿਦ ਅਲੀ, ਨਜ਼ਮੁਦੀਨ ਅਤੇ ਮੁਹੰਮਦ ਦਾਨਿਸ਼ ਨੂੰ ਬਰੀ ਕਰ ਦਿੱਤਾ। ਕਰਾਵਲ ਨਗਰ ਥਾਣੇ ਦੀ ਪੁਲਸ ਨੇ ਮੁਲਜ਼ਮਾਂ ਖਿਲਾਫ ਕੇਸ ਦਰਜ ਕੀਤਾ ਸੀ।

ਮਹਿਲਾ ਐੱਸ ਐੱਚ ਓ ਦਾ ਕੰਨ ਵੱਢਿਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ/ਕੰਵਲਜੀਤ ਸਿੰਘ)

ਥਾਣਾ ਵੇਰਕਾ ਦੀ ਐੱਸ ਐੱਚ ਓ ਅਮਨਜੀਤ ਕੌਰ ਦਾ ਇੱਕ ਬਦਮਾਸ਼ ਨੇ ਉਸ ਵੇਲੇ ਕੰਨ ਵੱਢ ਦਿੱਤਾ, ਜਦੋਂ ਉਹ ਇੱਕ ਝਗੜੇ ਨੂੰ ਲੈ ਕੇ ਮੌਕੇ 'ਤੇ ਪੁੱਜੀ

ਹੇਡੋਂ ਬੇਟ ਵਿਖੇ 'ਸਰਕਾਰ ਤੁਹਾਡੇ ਦੁਆਰ' ਤਹਿਤ ਕੈਂਪ ਲਗਾਇਆ

ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)-ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਾਛੀਵਾੜਾ ਅਧੀਨ ਪੈਂਦੇ ਪਿੰਡ ਹੇਡੋਂ ਬੇਟ ਵਿਖੇ ਪੰਜਾਬ ਸਰਕਾਰ ਵੱਲੋਂ 'ਸਰਕਾਰ ਤੁਹਾਡੇ ਦੁਆਰ' ਪ੍ਰੋਗਰਾਮ ਤਹਿਤ ਸੁਵਿਧਾ ਕੈਂਪ ਲਗਾਇਆ ਗਿਆ, ਜਿਸ ਵਿੱਚ ਹੇਡੋਂ ਬੇਟ ਦੇ ਦਰਸ਼ਨ ਕੌਰ (61), ਜੀਤੋ (56), ਅਜਮੇਰ ਕੌਰ (82), ਸਵਰਨ ਕੌਰ (53) ਤੇ ਦਰਸ਼ਨ ਸਿੰਘ (71) ਸਮੇਤ ਵੱਖ-ਵੱਖ ਵਿਅਕਤੀਆਂ ਨੇ ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ ਤੇ ਸੀਨੀਅਰ ਸਿਟੀਜਨ ਕਾਰਡ ਲਈ ਤੁਰੰਤ ਪ੍ਰਵਾਨਗੀ ਪ੍ਰਾਪਤ ਕੀਤੀ। ਉਨ੍ਹਾਂ ਸਥਾਨਕ ਦਫ਼ਤਰ ਦਾ ਦੌਰਾ ਕਰਨ ਤੋਂ ਅਸਮਰੱਥ ਹੋਣ ਕਾਰਨ ਕੈਂਪ ਨੂੰ ਉਨ੍ਹਾਂ ਲਈ ਪਹੁੰਚਯੋਗ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਵਿਸ਼ੇਸ਼ ਧੰਨਵਾਦ ਕੀਤਾ। ਕੈਂਪ ਦਾ ਉਦਘਾਟਨ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਕੀਤਾ ਤੇ ਉਨ੍ਹਾਂ ਨਾਲ ਐੱਸ.ਡੀ.ਐੱਮ. ਰਜਨੀਸ਼ ਅਰੋੜਾ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ। ਵੱਖ-ਵੱਖ ਵਿਭਾਗਾਂ ਵੱਲੋਂ ਸਥਾਪਤ ਕੀਤੇ ਡੈਸਕਾਂ ਰਾਹੀਂ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕੀਤੀਆਂ। ਵਿਧਾਇਕ ਦਿਆਲਪੁਰਾ ਨੇ ਲਾਭਪਾਤਰੀਆਂ ਨਾਲ ਗੱਲਬਾਤ ਕਰਦਿਆਂ ਪ੍ਰਵਾਨਗੀ ਪੱਤਰ ਸੌਂਪੇ। ਵਿਧਾਇਕ ਦਿਆਲਪੁਰਾ ਨੇ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਰਕਾਰੀ ਸੇਵਾਵਾਂ ਤੇ ਸਕੀਮਾਂ ਦਾ ਲਾਭ ਲੋਕਾਂ ਤੱਕ ਪਹੁੰਚਾਉਣਾ ਯਕੀਨੀ ਬਣਾਉਣ ਲਈ ਵਿਸ਼ੇਸ਼ ਕੈਂਪ ਲਗਾਉਣ ਦੇ ਯਤਨਾਂ 'ਤੇ ਜ਼ੋਰ ਦਿੱਤਾ। ਉਨ੍ਹਾਂ ਸਾਰੇ ਯੋਗ ਲਾਭਪਾਤਰੀਆਂ ਨੂੰ ਸਰਕਾਰੀ ਸਮਾਜ ਭਲਾਈ ਸਕੀਮਾਂ ਦਾ ਲਾਭ ਮਿਲਣਾ ਯਕੀਨੀ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਤੇ ਕੈਂਪਾਂ 'ਚ ਸਾਰੀਆਂ ਸਰਕਾਰੀ ਭਲਾਈ ਸਕੀਮਾਂ ਦੀ 100 ਫੀਸਦੀ ਵਰਤੋਂ ਕਰਨ ਦੇ ਨਿਰਦੇਸ਼ ਦਿੱਤੇ।

ਪ੍ਰੈੱਸ ਕਲੱਬ ਦੀ ਮੀਟਿੰਗ 'ਚ ਪੱਤਰਕਾਰਾਂ ਨੂੰ ਮੁਸ਼ਕਲਾਂ ਸੰਬੰਧੀ ਵਿਚਾਰ-ਚਰਚਾ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਪ੍ਰੈੱਸ ਕਲੱਬ ਰਜਿ: ਮਹਿਲ ਕਲਾਂ (ਬਰਨਾਲਾ) ਦੀ ਅਹਿਮ ਮੀਟਿੰਗ ਕਲੱਬ ਦੇ ਪ੍ਰਧਾਨ ਬਲਜਿੰਦਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਪ੍ਰੈੱਸ ਕਲੱਬ ਦੀਆਂ ਸਰਗਰਮੀਆਂ ਨੂੰ ਹੋਰ ਤੇਜ਼ ਕਰਨ ਪਿਛਲੇ ਸਾਲ ਦਾ ਲੇਖਾ ਜੋਖਾ ਵਿਚਾਰਿਆ ਗਿਆ।ਕਲੱਬ ਦੇ ਸਮੂਹ ਅਹੁਦੇਦਾਰਾਂ ਨੇ ਪ੍ਰਧਾਨ ਬਲਜਿੰਦਰ ਸਿੰਘ ਢਿੱਲੋਂ ਦੀ ਯੋਗ ਅਗਵਾਈ ਹੇਠ ਚੱਲਣ ਦਾ ਅਹਿਦ ਲਿਆ।ਸਰਪ੍ਰਸਤ ਅਵਤਾਰ ਸਿੰਘ ਅਣਖੀ, ਜਨਰਲ ਸਕੱਤਰ ਮੇਘ ਰਾਜ ਜੋਸ਼ੀ ਨੇ ਭਗਵੰਤ ਮਾਨ ਸਰਕਾਰ ਵਲੋਂ ਸਮੂਹ ਪੱਤਰਕਾਰ ਭਾਈਚਾਰੇ ਲਈ ਇਕ ਵੀ ਸਹੂਲਤ ਨਾ ਦੇਣ ਦੀ ਕਰੜੀ ਅਲੋਚਨਾ ਕਰਦਿਆਂ ਕਿਹਾ ਕਿ ਇਸ ਸਰਕਾਰ ਵਲੋਂ ਪੰਜਾਬ ਦੇ ਪੱਤਰਕਾਰ ਭਾਈਚਾਰੇ ਨੂੰ ਪੀਲੇ ਕਾਰਡ ਦੀ ਪਹਿਲਾਂ ਮਿਲਦੀ ਸਹੂਲਤ ਨੂੰ ਵੀ ਬੰਦ ਕਰਕੇ ਪੱਤਰਕਾਰ ਭਾਈਚਾਰੇ ਨੂੰ ਜ਼ਲੀਲ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸਮੂਹ ਪੱਤਰਕਾਰ ਭਾਈਚਾਰੇ ਦੀਆਂ ਹੱਕੀ ਜਾਇਜ਼ ਮੰਗਾਂ ਨੂੰ ਪਹਿਲ ਦੇ ਆਧਾਰ ਤੇ ਲਾਗੂ ਕਰਵਾਉਣ ਲਈ ਪੱਤਰਕਾਰਾਂ ਦਾ ਇਕ ਵਫਦ ਲੋਕ ਸੰਪਰਕ ਵਿਭਾਗ ਪੰਜਾਬ ਦੇ ਮੰਤਰੀ ਨੂੰ ਛੇਤੀ ਹੀ ਮਿਲਣ ਜਾਵੇਗਾ। ਮੁੱਖ ਬੁਲਾਰੇ ਡਾ. ਜਗਰਾਜ ਸਿੰਘ ਮੂੰਮ ਨੇ ਸਮੂਹ ਪੱਤਰਕਾਰ ਭਾਈਚਾਰੇ ਨੂੰ ਆਪਣੀ ਜਥੇਬੰਦਕ ਸ਼ਕਤੀ ਨੂੰ ਹੋਰ ਮਜ਼ਬੂਤ ਬਨਾਉਣ ਦਾ ਸੱਦਾ ਦਿੱਤਾ।ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਜਗਸੀਰ ਸਿੰਘ ਸਹਿਜੜਾ, ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਅਣਖੀ, ਜਥੇਬੰਦਕ ਸਕੱਤਰ ਬਲਵੰਤ ਸਿੰਘ ਚੁਹਾਣਕੇ, ਸਕੱਤਰ ਪ੍ਰਦੀਪ ਸਿੰਘ ਲੋਹਗੜ੍ਹ, ਪ੍ਰੈੱਸ ਸਕੱਤਰ ਰਮਨਦੀਪ ਸਿੰਘ ਠੁਲੀਵਾਲ, ਪ੍ਰਚਾਰ ਸਕੱਤਰ ਸੁਖਬੀਰ ਸਿੰਘ ਜਗਦੇ, ਸਲਾਹਕਾਰ ਰਾਜਵਿੰਦਰ ਸਿੰਘ ਕਲਾਲ ਮਾਜਰਾ ਹਾਜ਼ਰ ਸਨ।

175 ਖ਼ਾਲਸਾ ਰੈਜੀਮੈਂਟ ਨੇ ਸ਼ੁਕਰਾਨੇ ਕੀਤੇ ਭੇਟ

ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਗੁਰਦੁਆਰਾ ਗੋਦੜੀ ਸਾਹਿਬ ਤੇ ਬਾਬਾ ਫ਼ਰੀਦ ਵਿਖੇ 175 ਖ਼ਾਲਸਾ ਰੈਜਮੈਂਟ ਨੇ ਫ਼ਰੀਦਕੋਟ ਕੈਂਟ ਵਿਖੇ ਆਪਣੀ ਪੋਸਟਿੰਗ ਦਾ ਸਮਾਂ (5 ਸਾਲ) ਪੂਰਾ ਕਰਨ 'ਤੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ ਹੋਏ, ਆਪਣੀ ਨੇਕ ਕਮਾਈ 'ਚੋਂ ਦਸਵੰਧ ਕੱਢ ਕੇ ਗੁਰਦੁਆਰਾ ਟਿੱਲਾ ਬਾਬਾ ਫ਼ਰੀਦ ਜੀ ਲਈ ਆਟਾ ਗੁੰਨ੍ਹਣ ਵਾਲੀ ਮਸ਼ੀਨ ਅਤੇ ਗੁਰਦੁਆਰਾ ਗੋਦੜੀ ਸਾਹਿਬ ਲਈ 2 ਹਾਟ ਕੇਸ ਭੇਟ ਕੀਤੇ, ਤਾਂ ਜੋ ਲੰਗਰ ਦੀ ਸੇਵਾ ਕਰਨ ਵਾਲਿਆਂ ਦੀ ਮਦਦ ਹੋ ਸਕੇ।ਇਸ ਮੌਕੇ ਰੈਜਮੈਂਟ ਦੇ ਬਾਕੀ ਜਵਾਨ ਵੀ ਸ਼ਾਮਲ ਸਨ। ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਤੇ ਬਾਬਾ ਫ਼ਰੀਦ ਧਾਰਮਿਕ ਅਤੇ ਵਿੱਦਿਅਕ ਸੰਸਥਾਵਾਂ ਦੇ ਮੈਨੇਜਮੈਂਟ ਮੈਂਬਰ ਚਰਨਜੀਤ ਸਿੰਘ ਸੇਖੋਂ, ਦੀਪਇੰਦਰ ਸਿੰਘ ਸੇਖੋਂ, ਸੁਰਿੰਦਰ ਸਿੰਘ ਰੋਮਾਣਾ ਤੇ ਕੁਲਜੀਤ ਸਿੰਘ ਮੋਂਗੀਆ ਵੱਲੋਂ ਸਿਰੋਪਾ ਅਤੇ ਦੁਸ਼ਾਲਾ ਪਾ ਕੇ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ ਸੁਰਿੰਦਰ ਸਿੰਘ ਰੋਮਾਣਾ ਨੇ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਬ੍ਰਾਹਮਣ ਸਭਾ ਨੇ ਰੁੱਖ, ਕੁੱਖ ਤੇ ਪਾਣੀ ਬਚਾਓ ਅਭਿਆਨ ਤਹਿਤ ਪੌਦੇ ਲਗਾਏ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ ਪੂਜਾ)-ਬ੍ਰਾਹਮਣ ਸਭਾ 5995 ਵੱਲੋਂ ਸ਼ਨੀਵਾਰ ਨੂੰ ਪ੍ਰਧਾਨ ਦੀਪਕ ਪਾਲ ਸ਼ਰਮਾ ਦੀ ਅਗਵਾਈ ਹੇਠ ਬੂਟੇ ਲਗਾਏ ਗਏ।ਪ੍ਰਧਾਨ ਦੀਪਕ ਪਾਲ ਨੇ ਦੱਸਿਆ ਕਿ ਸਭਾ ਵੱਲੋਂ ਲੰਬੇ ਸਮੇਂ ਤੋਂ ਰੁੱਖ, ਕੁੱਖ ਤੇ ਪਾਣੀ ਬਚਾਓ ਅਭਿਆਨ ਚਲਾਇਆ ਹੋਇਆ ਹੈ।ਉਨ੍ਹਾਂ ਵੱਲੋਂ ਸਕੂਲਾਂ, ਕਾਲਜਾਂ, ਸੜਕਾਂ ਦੇ ਕਿਨਾਰੇ ਸ਼ਮਸ਼ਾਨਘਾਟ ਤੇ ਜ਼ਿਲ੍ਹਾ ਜੇਲ੍ਹ 'ਚ ਸੈਂਕੜੇ ਬੂਟੇ ਤੇ ਟ੍ਰੀ ਗਾਰਡ ਲਗਵਾਏ ਗਏ।ਉਨ੍ਹਾ ਕਿਹਾ ਕਿ ਸਾਡਾ ਨਾਅਰਾ ਹੈ "ਲਗਾਓ ਰੁੱਖ ਮਿਟਾਓ ਦੁੱਖ"।ਸ਼ਨੀਵਾਰ ਨੂੰ ਸ਼ਹਿਰ ਦੇ ਸ਼ੇਰ ਸਿੰਘ ਚੌਕ ਨੇੜੇ ਸੜਕ ਕਿਨਾਰੇ ਇੱਕ ਕਦਮ ਦਾ ਬੂਟਾ ਲਗਾ ਕੇ ਉਸ 'ਤੇ ਟ੍ਰੀ ਗਾਰਡ ਲਗਾਇਆ ਤੇ ਇਸ ਤੋਂ ਬਾਅਦ ਗੋਨਿਆਣਾ ਰੋਡ 'ਤੇ ਸਥਿਤ ਸ਼ਮਸ਼ਾਨਘਾਟ 'ਚ ਆਂਵਲਾ, ਸੁਖਚੈਨ, ਪਿੱਪਲ, ਬੋਹੜ ਦੇ ਬੂਟੇ ਲਗਾਏ।ਇਸ ਮੌਕੇ ਚੰਦਰਮੋਹਨ ਸ਼ਰਮਾ, ਰੂਬੀ ਸ਼ਰਮਾ, ਆਦੇਸ਼ ਮਨੂ ਸ਼ਰਮਾ, ਵੇਦ ਪ੍ਰਕਾਸ਼, ਹਰਿੰਦਰ ਸਿੰਘ, ਮੰਗਾ ਸਿੰਘ ਆਦਿ ਹਾਜ਼ਰ ਸਨ।

ਮਾਤਾ ਚਿੰਤਪੁਰਨੀ ਵਿਖੇ ਵਿਸ਼ਾਲ ਭੰਡਾਰੇ ਲਈ ਟਰੱਕ ਰਵਾਨਾ

ਸੁਨਾਮ ਉਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)-ਮਾਂ ਜੈ ਜਵਾਨਾ ਭਜਨ ਮੰਡਲ ਸਮਿਤੀ ਵੱਲੋਂ ਹਰ ਸਾਲ ਮਾਤਾ ਚਿੰਤਪੁਰਨੀ ਵਿਖੇ ਵਿਸ਼ਾਲ ਭੰਡਾਰਾ ਲਗਾਇਆ ਜਾਂਦਾ, ਜਿਸ ਨੂੰ ਲੈ ਕੇ ਅੱਜ 18ਵੇਂ ਵਿਸ਼ਾਲ ਭੰਡਾਰੇ ਲਈ ਪਟਿਆਲਾ ਰੋਡ ਤੋਂ ਦੋ ਟਰੱਕ ਰਵਾਨਾ ਕੀਤੇ ਗਏ, ਜਿਸ ਨੂੰ ਸ਼੍ਰੋਮਣੀ ਅਕਾਲੀ ਦਲ ਇੰਚਾਰਜ ਸੰਗਰੂਰ ਸ੍ਰ. ਵਿਨਰਜੀਤ ਸਿੰਘ ਗੋਲਡੀ ਵੱਲੋਂ ਝੰਡੀ ਦੇ ਕੇ ਟਰੱਕ ਰਵਾਨਾ ਕੀਤੇ ਗਏ।ਇਸ ਮੌਕੇ ਸਰਦਾਰ ਵਿਨਰਜੀਤ ਸਿੰਘ ਗੋਲਡੀ ਨੇ ਕਿਹਾ ਕਿ ਹਰ ਸਾਲ ਉੱਥੇ ਭੰਡਾਰਾ ਲਗਾਉਣਾ ਬਹੁਤ ਹੀ ਸ਼ਲਾਘਾਯੋਗ ਕਦਮ ਹੈ, ਸ਼ਰਧਾਲੂ ਵੱਡੀ ਗਿਣਤੀ ਵਿੱਚ ਉਥੇ ਮਾਤਾ ਦੇ ਦਰਸ਼ਨ ਕਰਨ ਲਈ ਜਾਂਦੇ ਹਨ ਤੇ ਮੰਡਲ ਸਮਿਤੀ ਵੱਲੋਂ ਉਨ੍ਹਾਂ ਲਈ ਵਧੀਆ ਇੰਤਜ਼ਾਮ ਕੀਤੇ ਜਾਂਦੇ ਹਨ। ਇਸ ਮੌਕੇ ਗਣਪਤ ਰਾਏ, ਰਕੇਸ਼ ਕੁਮਾਰ, ਅੰਕੁਸ਼ ਜਿੰਦਲ, ਰਵਿੰਦਰ ਗਾਂਧੀ, ਪ੍ਰਵੀਨ ਬਿੱਟੂ, ਹਰਮੇਸ਼ ਸਿੰਘ ਪੱਪੀ, ਸੰਜੀਵ ਕੁਮਾਰ, ਬੋਬੀ, ਸ਼ਾਮ ਲਾਲ ਸਿੰਗਲਾ ਜਖੇਪਲ ਵਾਲੇ, ਗੁਰਮੁਖ ਸਿੰਘ ਬਾਬਾ, ਚਰਨ ਦਾਸ, ਵਿਜੇ ਕੁਮਾਰ, ਓਮ ਪ੍ਰਕਾਸ਼, ਗਿੰਨੀ ਸਾਊਂਡ, ਬਿੱਟੂ ਅਗਰਵਾਲ, ਪੰਕਜ, ਆਸ਼ੂ, ਜੀਵਨ, ਕਾਲਾ ਆਦਿ ਮੌਜੂਦ ਸੀ।

ਨਾਨਕਪੁਰਾ ਨੇ ਨਵਨਿਯੁਕਤ ਜ਼ਿਲ੍ਹਾ ਸਿੱਖਿਆ ਅਫਸਰ ਨਾਲ ਕੀਤੀ ਮਿਲਣੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)-ਐਡਵੋਕੇਟ ਜਗਮੀਤ ਸਿੰਘ ਬਰਾੜ ਨਾਨਕਪੁਰਾ ਕੌਮੀ ਜਨਰਲ ਸਕੱਤਰ ਯੂਥ ਅਕਾਲੀ ਦਲ ਬਾਦਲ ਨੇ ਨਵਨਿਯੁਕਤ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਜਸਪਾਲ ਮੋਂਗਾ ਨਾਲ ਮਿਲਣੀ ਕੀਤੀ।ਨਾਨਕਪੁਰਾ ਨੇ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਉਨ੍ਹਾਂ ਦੀ ਤਰੱਕੀ 'ਤੇ ਸ਼ੁਭ-ਕਾਮਨਾਵਾਂ ਦਿੰਦਿਆਂ ਉਮੀਦ ਜਤਾਈ ਕਿ ਸ਼੍ਰੀ ਮੋਂਗਾ ਦੀ ਦੂਰ ਅੰਦੇਸ਼ੀ ਸੋਚ ਤੇ ਸੁਹਿਰਦਤਾ ਸਦਕਾ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ ਹੁਣ ਪੜ੍ਹਾਈ ਦਾ ਹੋਰ ਵੀ ਨਿਖਾਰ ਵੇਖਣ ਨੂੰ ਮਿਲੇਗਾ।ਉਨ੍ਹਾਂ ਜ਼ਿਲ੍ਹਾ ਸਿੱਖਿਆ ਅਫਸਰ ਨਾਲ ਮਿਲਣੀ ਮੌਕੇ ਆਪਣੀ ਪੜ੍ਹਾਈ ਦੌਰਾਨ ਬੀਤੇ ਸਮੇਂ ਦੀਆਂ ਯਾਦਾਂ ਵੀ ਸਾਂਝੀਆਂ ਕੀਤੀਆਂ।ਇਸ ਮੌਕੇ ਹੋਰਨਾਂ ਤੋਂ ਇਲਾਵਾ ਡਿਪਟੀ ਡੀ.ਈ.ਓ. ਕਪਿਲ ਸ਼ਰਮਾ, ਮਨਪ੍ਰੀਤ ਸਿੰਘ ਬਰਾੜ ਨਾਨਕਪੁਰਾ ਤੇ ਪ੍ਰਿੰਸੀਪਲ ਰਜਿੰਦਰ ਸੋਨੀ ਆਦਿ ਮੌਜੂਦ ਸਨ।

ਪ੍ਰਿੰਸੀਪਲ ਗੁਰਮੁੱਖ ਸਿੰਘ ਸੰਧੂ ਦੇ ਸ਼ਰਧਾਂਜਲੀ ਸਮਾਗਮ ਸਮੇਂ ਵੱਖ-ਵੱਖ ਸ਼ਖਸੀਅਤਾਂ ਨੇ ਹਾਜ਼ਰੀ ਲਗਵਾਈ

ਹਠੂਰ/ਜਗਰਾਓਂ (ਨਛੱਤਰ ਸੰਧੂ)-ਪਿੰਡ ਮਾਣੂੰਕੇ ਦੇ ਸਰਪੰਚ ਗੁਰਮੁੱਖ ਸਿੰਘ ਸੰਧੂ ਨਮਿਤ ਰੱਖੇ ਗਏ ਪਾਠ ਦਾ ਭੋਗ ਭਾਈ ਦਾਨ ਸਿੰਘ ਪਬਲਿਕ ਸਕੂਲ ਮਾਣੂੰਕੇ ਵਿਖੇ ਪਾਇਆ ਗਿਆ। ਅਰਦਾਸ ਉਪਰੰਤ ਸਕੂਲ ਦੇ ਵੱਡੇ ਹਾਲ ਵਿੱਚ ਸ਼ਰਧਾਂਜਲੀ ਸਮਾਰੋਹ ਹੋਇਆ, ਜਿਸ ਵਿੱਚ ਉੱਚ ਕੋਟੀ ਦੇ ਧਾਰਮਿਕ, ਰਾਜਨੀਤਕ, ਸਮਾਜਸੇਵੀ ਜਥੇਬੰਦੀਆਂ ਦੇ ਆਗੂਆਂ ਅਤੇ ਦੂਰੋਂ-ਦੂਰੋਂ ਪਿੰਡਾਂ ਤੋਂ ਆਏ ਪੰਚਾਂ-ਸਰਪੰਚਾਂ, ਮੋਹਤਬਰਾਂ ਆਪਣੀ ਹਾਜ਼ਰੀ ਲਗਵਾਈ। ਇਸ ਮੌਕੇ ਪ੍ਰਿੰਸੀਪਲ ਗੁਰਮੁੱਖ ਸਿੰਘ ਸੰਧੂ ਨਾਲ ਬਿਤਾਏ ਪਲਾਂ ਦੀ ਯਾਦ ਦਿਵਾਉਂਦਿਆਂ ਉੱਘੇ ਲੇਖਕ ਨਿਰਮਲ ਜੌੜਾ, ਸਾਬਕਾ ਵਿਧਾਇਕ ਐੱਸ ਆਰ ਕਲੇਰ, ਭਾਈ ਗੁਰਚਰਨ ਸਿੰਘ ਗਰੇਵਾਲ ਮੈਂਬਰ ਸ਼੍ਰੋਮਣੀ ਕਮੇਟੀ, ਬਾਬਾ ਘਾਲਾ ਸਿੰਘ, ਬਾਬਾ ਮੇਹਰ ਸਿੰਘ ਨਾਨਕਸਰ, ਐੱਸ ਪੀ ਪ੍ਰਿਥੀਪਾਲ ਸਿੰਘ, ਸਾਬਕਾ ਚੇਅਰਮੈਨ ਚੰਦ ਸਿੰਘ ਡੱਲਾ, ਗੁਰਦੁਆਰਾ ਮੈਹਦੇਆਣਾ ਸਾਹਿਬ ਦੇ ਮੁਖੀ ਬਾਬਾ ਕੁਲਵੰਤ ਸਿੰਘ ਲੱਖਾ ਅਤੇ ਸਮਾਜਸੇਵੀ ਸੁਖਵਿੰਦਰ ਸਿੰਘ ਸ਼ਿੰਦਾ ਨੇ ਕਿਹਾ ਕਿ ਪ੍ਰਿੰਸੀਪਲ ਸੰਧੂ ਇੱਕ ਪੜ੍ਹੇ-ਲਿਖੇ ਵਿਦਵਾਨ, ਸਮਾਜਸੇਵੀ ਹੋਣ ਦੇ ਨਾਲ-ਨਾਲ ਉਹ ਦਿਲ ਦੇ ਬਹੁਤ ਦਲੇਰ ਸਨ। ਉਨ੍ਹਾਂ ਵੱਲੋਂ ਸਮਾਜਸੇਵਾ ਦੇ ਖੇਤਰ ਵਿੱਚ ਕੀਤੇ ਗਏ ਕੰਮ ਮੂੰਹੋਂ ਬੋਲਦੇ ਹਨ। ਉਨ੍ਹਾ ਆਪਣੇ ਸਰਪੰਚੀ ਦੇ ਕਾਰਜਕਾਲ ਦੌਰਾਨ ਪਿੰਡ ਦੇ ਵਿਕਾਸ ਲਈ ਲੱਖਾਂ ਰੁਪਏ ਆਪਣੇ ਕੋਲੋਂ ਖਰਚ ਕਰਕੇ ਪਿੰਡ ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡਾਂ ਵਿੱਚੋਂ ਨਮੂਨੇ ਦਾ ਪਿੰਡ ਬਣਾਇਆ। ਆਗੂਆਂ ਨੇ ਕਿਹਾ ਕਿ ਅਜਿਹੇ ਇਨਸਾਨ ਵਿਰਲੇ ਹੀ ਹੁੰਦੇ ਹਨ, ਜੋ ਇਸ ਧਰਤੀ 'ਤੇ ਹੁੰਦੇ ਹਨ।

ਇਸ ਮੌਕੇ ਉਨ੍ਹਾ ਦੇ ਦੋਵਾਂ ਬੇਟਿਆਂ ਨੇ ਸਟੇਜ ਤੋਂ ਸੰਬੋਧਨ ਕੀਤਾ ਕਿ ਉਹ ਆਪਣੇ ਪਿਤਾ ਦੇ ਨਕਸ਼ੇ ਕਦਮਾਂ 'ਤੇ ਚੱਲਦੇ ਹੋਏ ਉਨ੍ਹਾ ਦੇ ਅਧੂਰੇ ਪਏ ਕਾਰਜਾਂ ਨੂੰ ਪੂਰਾ ਕਰਨਗੇ।

ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਭਾਈ ਸੁਖਦੇਵ ਸਿੰਘ ਖਾਲਸਾ, ਪ੍ਰਧਾਨ ਹਰਪ੍ਰੀਤ ਸਿੰਘ ਮਾਣੂੰਕੇ, ਜਸਵੀਰ ਸਿੰਘ ਦੇਹੜਕਾ, ਪ੍ਰਿੰਸੀ: ਬਲਜਿੰਦਰ ਸਿੰਘ, ਸਤਨਾਮ ਬੱਸੂਵਾਲ, ਜਸਵਿੰਦਰ ਸ਼ਿੰਦਾ, ਓਮ ਪ੍ਰਕਾਸ਼ ਭੱਠੇ ਵਾਲੇ, ਜੀਵਨ ਕੁਮਾਰ ਗੋਲਡੀ, ਭੂਸ਼ਨ ਗੋਇਲ, ਅਮਿਤ ਕੁਮਾਰ ਮੋਨਾ, ਦਰਸ਼ਨ ਲੱਖਾ, ਸੈਕਟਰੀ ਪ੍ਰਦੀਪ ਕੁਮਾਰ ਮਾਣੂੰਕੇ, ਜਗਦੀਸ਼ ਦੀਸ਼ਾ ਅਤੇ ਚਰਨ ਸਿੰਘ ਫੌਜੀ ਆਦਿ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਭਗਵੰਤ ਮਾਨ ਨੂੰ ਫਰਾਂਸ ਦੌਰੇ ਦੀ ਇਜਾਜ਼ਤ ਨਾ ਦੇਣਾ ਪੰਜਾਬ ਨਾਲ ਧੱਕਾ : ਬਰਸਟ

ਪਟਿਆਲਾ (ਰਾਜਿੰਦਰ ਸਿੰਘ ਬਿੰਦ)-ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਫਰਾਂਸ ਦੌਰੇ ਦੀ ਇਜਾਜ਼ਤ ਨਾ ਦੇਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਦੇ ਮੁੱਖ ਮੰਤਰੀ ਮਾਨ ਨੂੰ ਪੈਰਿਸ ਓਲਿਪਿਕ ਵਿੱਚ ਜਾਣ ਦੀ ਇਜਾਜ਼ਤ ਨਾ ਦੇ ਕੇ ਜਿੱਥੇ ਪੰਜਾਬ ਦੇ 3 ਕਰੋੜ ਲੋਕਾਂ ਨਾਲ ਧੱਕਾ ਕੀਤਾ ਹੈ, ਉੱਥੇ ਹੀ ਲੋਕਾਂ ਦੀਆਂ ਭਾਵਨਾਵਾਂ ਨਾਲ ਵੀ ਖਿਲਵਾੜ ਕੀਤਾ ਹੈ, ਕਿਉਂਕਿ ਭਾਰਤ ਦੇਸ਼ ਦੀ ਹਾਕੀ ਟੀਮ ਵਿੱਚ ਜ਼ਿਆਦਾਤਰ ਖਿਡਾਰੀ ਪੰਜਾਬ ਦੇ ਹਨ।ਇਹ ਸੰਵਿਧਾਨਕ ਤੌਰ 'ਤੇ ਚੁਣੇ ਗਏ ਵਿਅਕਤੀ ਦੇ ਮੂਲ ਅਧਿਕਾਰਾਂ 'ਤੇ ਰੋਕ ਲਾਉਣ ਦੇ ਬਰਾਬਰ ਹੈ। ਬਰਸਟ ਨੇ ਕਿਹਾ ਕਿ ਅੰਤਰਰਾਸ਼

4-Aug-PAGE-3.qxd 8/3/2024 11:14 PM Page 1

ਬਲਕੇ ਏਡੀਸੀ (ਵਿਕਾਸ) ਦੇ ਦਫ਼ਤਰ ਅੱਗੇ ਦੇਵਾਂਗੇ ਰੋਸ ਧਰਨਾ : ਪੰਡੋਰੀ, ਜਾਮਾਰਾਏ

ਤਰਨ ਤਾਰਨ (ਪ੍ਰਿਤਪਾਲ ਸਿੰਘ)

ਮਨਰੇਗਾ ਵਰਕਰਾਂ ਦੀਆਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਲੈ ਕੇ ਦਿਹਾਤੀ ਮਜ਼ਦੂਰ ਸਭਾ ਅਤੇ ਮਨਰੇਗਾ ਵਰਕਰਜ਼ ਯੂਨੀਅਨ ਵੱਲੋਂ ਏਡੀਸੀ (ਵਿਕਾਸ) ਦੇ ਦਫਤਰ ਅੱਗੇ 5 ਅਗਸਤ ਨੂੰ ਰੋਸ ਧਰਨਾ ਦਿੱਤਾ ਜਾਵੇਗਾ। ਇਹ ਐਲਾਨ ਆਰ. ਐੱਮ. ਪੀ. ਆਈ. ਦੇ ਸੂਬਾ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਸਬੀਰ ਸਿੰਘ ਵੈਰੋਵਾਲ, ਜ਼ਿਲ੍ਹਾ ਸਕੱਤਰ ਚਮਨ ਲਾਲ ਦਰਾਜਕੇ, ਮਨਰੇਗਾ ਵਰਕਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਮੀਨਾ ਕੌਰ ਚੀਮਾ, ਜ਼ਿਲ੍ਹਾ ਸਕੱਤਰ ਬਲਦੇਵ ਸਿੰਘ ਪੰਡੋਰੀ, ਨਰਿੰਦਰ ਸਿੰਘ ਰਟੌਲ ਆਦਿ ਆਗੂਆਂ ਦੀ ਹਾਜ਼ਰੀ 'ਚ ਕੀਤਾ। ਪੰਡੋਰੀ ਨੇ ਦੱਸਿਆ ਕਿ ਮਨਰੇਗਾ ਵਰਕਰਾਂ ਦੀਆਂ ਮੰਗਾਂ ਨੂੰ ਲੈ ਕੇ ਏ. ਡੀ. ਸੀ. ਤਰਨ ਤਾਰਨ ਨੂੰ ਮਿਲ ਕੇ ਜਾਣੂ ਕਰਾ ਚੁੱਕੇ ਹਾਂ ਪਰ ਅਜੇ ਤੱਕ ਕੋਈ ਹੱਲ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਬਲਾਕ ਗੰਡੀਵਿੰਡ ਬਲਾਕ ਤਰਨ ਤਾਰਨ 'ਚ ਹਲਕਾ ਵਿਧਾਇਕ ਤਰਨ ਤਾਰਨ ਦੇ ਚਹੇਤਿਆਂ ਦੇ ਇਸ਼ਾਰਿਆਂ 'ਤੇ ਮਨਰੇਗਾ ਵਰਕਰਾਂ ਦੇ ਮਸਟਰੋਲ ਰੋਕੇ ਜਾ ਰਹੇ ਹਨ।ਉਨ੍ਹਾਂ ਨੂੰ ਕੰਮ ਕਰਨ ਨਹੀਂ ਦਿੱਤਾ ਜਾ ਰਿਹਾ । ਮਨਰੇਗਾ ਸਕੀਮ ਨੂੰ ਪਾਰਦਰਸ਼ੀ ਢੰਗ ਨਾਲ ਨਹੀਂ ਚੱਲਣ ਦਿੱਤਾ ਜਾ ਰਿਹਾ ।ਮਨਰੇਗਾ ਵਰਕਰਾਂ ਦਾ ਮਿਹਨਤਾਨਾ ਨਹੀਂ ਦਿੱਤਾ ਜਾ ਰਿਹਾ। ਮਨਰੇਗਾ ਤਹਿਤ ਬਣੇ ਪਸ਼ੂਆਂ ਦੇ ਸ਼ੈੱਡਾ ਦੇ ਪੈਸੇ ਨਹੀਂ ਪਾਏ ਜਾ ਰਹੇ ।ਪੰਡੋਰੀ ਨੇ ਦੱਸਿਆ ਕਿ ਅਸੀਂ ਕਈ ਵਾਰ ਉਚ ਅਧਿਕਾਰੀਆਂ ਨੂੰ ਬੇਨਤੀ ਕਰ ਚੁੱਕੇ ਹਾਂ ਪਰ ਕੋਈ ਹੱਲ ਨਹੀਂ ਹੋ ਰਿਹਾ।ਬਲਾਕਾਂ ਦੇ ਬੀਡੀਪੀਓ ਮਨਰੇਗਾ ਅਫਸਰ ਰਾਜ ਕਰਦੀ ਧਿਰ ਦੀ ਪੁਸ਼ਤ-ਪਨਾਹੀ ਕਰ ਰਹੇ ਹਨ । ਇਸ ਮੌਕੇ ਜਰਨੈਲ ਸਿੰਘ ਰਸੂਲਪੁਰ, ਗੁਰਵੇਲ ਸਿੰਘ ਚੀਮਾ ਬਾਬਾ ਸੁਖਵਿੰਦਰ ਸਿੰਘ ਭੁੱਚਰ, ਹਰਜਿੰਦਰ ਸਿੰਘ ਪੰਡੋਰੀ ਸਿੱਧਵਾਂ, ਬਲਬੀਰ ਸਿੰਘ ਝਾਮਕਾ, ਜਸਵੰਤ ਸਿੰਘ ਭਿੱਖੀਵਿੰਡ ਆਦਿ ਹਾਜ਼ਰ ਸਨ।

ਭਗਤ ਪੂਰਨ ਸਿੰਘ ਦੀ 32ਵੀਂ ਬਰਸੀ 'ਤੇ ਵਿਸ਼ੇਸ਼ ਸੈਮੀਨਾਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ.) ਅੰਮ੍ਰਿਤਸਰ ਦੇ ਬਾਨੀ ਭਗਤ ਪੂਰਨ ਸਿੰਘ ਦੀ 32ਵੀਂ ਬਰਸੀ ਨੂੰ ਸਮਰਪਿਤ ਵਿਸ਼ੇਸ਼ ਪ੍ਰੋਗਰਾਮ ਚਲਾਏ ਜਾ ਰਹੇ ਹਨ, ਜਿਨ੍ਹਾਂ ਦੀ ਲੜੀ ਤਹਿਤ ਸੰਤ ਸਿੰਘ ਸੁੱਖਾ ਸਿੰਘ ਮਾਡਰਨ ਸਕੂਲ, ਬਟਾਲਾ ਰੋਡ ਦੇ ਵਿਦਿਅਕ ਭਵਨ ਆਡੀਟੋਰੀਅਮ ਵਿੱਚ ਸਿਆਸੀ ਅਤੇ ਸਮਾਜਿਕ ਦਮਨ ਅਤੇ ਉਸਦੇ ਵਿਰੁੱਧ ਸੰਘਰਸ਼ ਦੇ ਵਿਸ਼ੇ ਤੇ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ ਵੱਲੋਂ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਡਾ. ਇੰਦਰਜੀਤ ਕੌਰ, ਮੁੱਖ ਸੇਵਾਦਾਰ, ਪਿੰਗਲਵਾੜਾ ਸੰਸਥਾ ਨੇ ਆਏ ਸਾਰੇ ਬੁਲਾਰਿਆਂ ਅਤੇ ਸਰੋਤਿਆਂ ਦਾ ਸੁਆਗਤ ਕੀਤਾ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਬਹੁ-ਮੁੱਲੇ ਵਿਚਾਰ ਪੇਸ਼ ਕੀਤੇ। ਅਖੀਰ ਵਿੱਚ ਸੁਮੇਲ ਸਿੰਘ ਨੇ ਭਗਤ ਪੂਰਨ ਸਿੰਘ ਦੀ ਸੰਘਰਸ਼ਮਈ ਜ਼ਿੰਦਗੀ ਉੱਪਰ ਚਾਨਣਾ ਪਾਉਂਦੇ ਹੋਏ ਕਿਹਾ ਕਿ ਭਗਤ ਜੀ ਦੀ ਸਮਾਜ ਪ੍ਰਤੀ ਦੇਣ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਸਾਨੂੰ ਅਜਿਹੀਆਂ ਸ਼ਖਸੀਅਤਾਂ ਵੱਲੋਂ ਪਾਏ ਗਏ ਪੂਰਨਿਆਂ 'ਤੇ ਚੱਲਣ ਦੀ ਲੋੜ ਹੈ। ਸੈਮੀਨਾਰ ਦੇ ਅਖੀਰ ਵਿੱਚ ਪਿੰਗਲਵਾੜਾ ਸੰਸਥਾ ਵੱਲੋਂ ਭਗਤ ਪੂਰਨ ਸਿੰਘ ਦੀ ਬਰਸੀ ਮੌਕੇ ਸੋਵੀਨਾਰ ਰਿਲੀਜ਼ ਕੀਤਾ ਗਿਆ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਡਾ. ਮਹਿਲ ਸਿੰਘ ਪ੍ਰਿੰ. ਖਾਲਸਾ ਕਾਲਜ ਵੱਲੋਂ ਕੀਤੀ ਗਈ। ਆਏ ਹੋਏ ਬੁਲਾਰਿਆਂ ਨੂੰ ਪਿੰਗਲਵਾੜਾ ਸੰਸਥਾ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸਮੂਹ ਪਿੰਗਲਵਾੜਾ ਪਰਿਵਾਰ ਹਾਜ਼ਰ ਸੀ ਅਤੇ ਗੁਰੂ ਕਾ ਲੰਗਰ ਵੀ ਅਟੁੱਟ ਵਰਤਿਆ।

ਬਹਿਲ ਵੱਲੋਂ ਸਕੂਲ ਆਫ਼ ਐਮੀਨੈਂਸ ਗੁਰਦਾਸਪੁਰ ਤੋਂ ਬੱਸ ਸਰਵਿਸ ਨੂੰ ਹਰੀ ਝੰਡੀ

ਗੁਰਦਾਸਪੁਰ, ਧਾਰੀਵਾਲ (ਬਲਵਿੰਦਰ ਸਿੰਘ ਬਿੱਲਾ, ਮਨਦੀਪ ਸਿੰਘ ਵਿੱਕੀ)

ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਵਿਧਾਨ ਸਭਾ ਹਲਕਾ ਗੁਰਦਾਸਪੁਰ ਨੂੰ ਹਰ ਖੇਤਰ ਵਿੱਚ ਅੱਗੇ ਲਿਜਾਣ ਦੇ ਯਤਨ ਲਗਾਤਾਰ ਜਾਰੀ ਹਨ।ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਗੁਰਦਾਸਪੁਰ ਵਿੱਚ ਬਣੇ ਸਕੂਲ ਆਫ਼ ਐਮੀਨੈਂਸ ਵਿੱਚ ਵਿਦਿਆਰਥੀਆਂ ਦੇ ਸਕੂਲ ਆਉਣ-ਜਾਣ ਲਈ ਬੱਸ ਸਰਵਿਸ ਵੀ ਸ਼ੁਰੂ ਹੋ ਗਈ ਹੈ। ਚੇਅਰਮੈਨ ਰਮਨ ਬਹਿਲ ਵੱਲੋਂ ਅੱਜ ਹਰੀ ਝੰਡੀ ਦਿਖਾ ਕੇ ਸਕੂਲ ਆਫ਼ ਐਮੀਨੈਂਸ ਗੁਰਦਾਸਪੁਰ ਵਿੱਚ ਪੜ੍ਹਦੇ ਬੱਚਿਆਂ ਲਈ ਪਹਿਲੀ ਬੱਸ ਸਰਵਿਸ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਡਿਪਟੀ ਡੀਈਓ ਲਖਵਿੰਦਰ ਸਿੰਘ, ਸਕੂਲ ਆਫ਼ ਐਮੀਨੈਂਸ ਗੁਰਦਾਸਪੁਰ ਦੇ ਪ੍ਰਿੰ. ਅਨਿਲ ਭੱਲਾ ਸਮੇਤ ਸਿੱਖਿਆ ਵਿਭਾਗ ਦੇ ਹੋਰ ਅਧਿਕਾਰੀ, ਮਾਰਕੀਟ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਭਾਰਤ ਭੂਸ਼ਨ ਸ਼ਰਮਾ, ਨੀਰਜ ਸਲਹੋਤਰਾ ਸਮੇਤ ਹੋਰ ਆਗੂ ਵੀ ਹਾਜ਼ਰ ਸਨ।ਚੇਅਰਮੈਨ ਬਹਿਲ ਨੇ ਦੱਸਿਆ ਕਿ ਬੀਤੇ ਦਿਨੀਂ ਉਹ ਗੁਰਦਾਸਪੁਰ ਵਿਧਾਨ ਸਭਾ ਹਲਕੇ ਦੇ ਪਿੰਡ ਮੁਸਤਫ਼ਾਬਾਦ ਜੱਟਾਂ ਵਿਖੇ ਗਏ ਸਨ ਅਤੇ ਉਸ ਪਿੰਡ ਦੀ ਵਸਨੀਕ ਵਿਦਿਆਰਥਣ ਸੁਨੇਹਾ ਨੇ ਉਨ੍ਹਾਂ ਕੋਲੋਂ ਇਹ ਮੰਗ ਕੀਤੀ ਸੀ ਕਿ ਉਨ੍ਹਾਂ ਦੇ ਸਕੂਲ ਆਫ਼ ਐਮੀਨੈਂਸ, ਗੁਰਦਾਸਪੁਰ ਲਈ ਬੱਸ ਸਰਵਿਸ ਸ਼ੁਰੂ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਸੂਬੇ ਵਿੱਚ ਸਿੱਖਿਆ ਦੇ ਖੇਤਰ ਵੱਲ ਉਚੇਚਾ ਧਿਆਨ ਦੇ ਰਹੀ ਹੈ ਅਤੇ ਵਿਦਿਆਰਥਣ ਸੁਨੇਹਾ ਅਤੇ ਉਸ ਵਰਗੇ ਹੋਰ ਵਿਦਿਆਰਥੀਆਂ ਦੀ ਮੰਗ 'ਤੇ ਸਿੱਖਿਆ ਵਿਭਾਗ ਵੱਲੋਂ ਅੱਜ ਗੁਰਦਾਸਪੁਰ ਦੇ ਸਕੂਲ ਆਫ਼ ਐਮੀਨੈਂਸ ਤੋਂ ਬੱਸ ਸਰਵਿਸ ਸ਼ੁਰੂ ਕਰ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਸਕੂਲ ਤੋਂ ਬੱਸ ਸਰਵਿਸ ਸ਼ੁਰੂ ਹੋਣ ਨਾਲ ਵਿਦਿਆਰਥੀਆਂ ਖਾਸ ਕਰਕੇ ਵਿਦਿਆਰਥਣਾਂ ਨੂੰ ਵੱਡੀ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਉਹ ਆਪਣੇ ਹਲਕੇ ਦੇ ਵਿਕਾਸ ਲਈ ਹਮੇਸ਼ਾਂ ਯਤਨਸ਼ੀਲ ਰਹਿਣਗੇ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਬੱਸ ਸਰਵਿਸ ਸ਼ੁਰੂ ਹੋਣ ਨਾਲ ਹੁਣ ਉਨ੍ਹਾਂ ਨੂੰ ਸਕੂਲ ਆਉਣ-ਜਾਣ ਵਿੱਚ ਕੋਈ ਮੁਸ਼ਕਲ ਨਹੀਂ ਆਵੇਗੀ।ਵਿਦਿਆਰਥੀਆਂ ਦੇ ਮਾਪਿਆਂ ਨੇ ਵੀ ਬਹਿਲ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਹੈ। ਇਸ ਮੌਕੇ ਸਕੂਲ ਆਫ਼ ਐਮੀਨੈਂਸ ਗੁਰਦਾਸਪੁਰ ਦੇ ਪ੍ਰਿੰ. ਅਨਿਲ ਭੱਲਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਗੁਰਦਾਸਪੁਰ ਵਿਖੇ ਸਕੂਲ ਆਫ਼ ਐਮੀਨੈਂਸ ਸ਼ੁਰੂ ਕੀਤਾ ਗਿਆ ਹੈ ਜਿਸ ਵਿੱਚ 9ਵੀਂ ਤੋਂ 12ਵੀਂ ਜਮਾਤ ਤੱਕ 228 ਵਿਦਿਆਰਥੀ ਪੜ੍ਹ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਸਕੂਲ ਵਿੱਚ ਛੇਵੀਂ ਤੋਂ ਤੋਂ 12ਵੀਂ ਤੱਕ ਕੁੱਲ 1252 ਵਿਦਿਆਰਥੀ ਸਿੱਖਿਆ ਹਾਸਲ ਕਰ ਰਹੇ ਹਨ।

ਪੰਜਾਬ 'ਚ ਪੰਚਾਇਤੀ ਚੋਣਾਂ ਨਾ ਕਰਾਉਣਾ ਚਾਹਵਾਨ ਉਮੀਦਵਾਰਾਂ ਲਈ ਬਣਿਆ ਬੁਸ਼ਾਰਤ !

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)

ਪੰਜਾਬ ਸਰਕਾਰ ਵੱਲੋਂ ਪੰਚਾਇਤੀ ਚੋਣਾਂ ਦਾ ਅਜੇ ਐਲਾਨ ਨਹੀਂ ਕੀਤਾ ਜਾ ਰਿਹਾ ਜਿਸ ਕਾਰਣ ਜਿਥੇ ਪਿੰਡਾਂ ਦੇ ਵਿਕਾਸ ਕਾਰਜ ਰੁਕੇ ਹੋਏ ਹਨ ਉਥੇ ਸਰਪੰਚੀ ਦੇ ਚਾਹਵਾਨ ਉਮੀਦਵਾਰਾਂ ਨੂੰ ਰੋਜ਼ਾਨਾ ਹੀ ਖਰਚੇ ਦੀ ਮਾਰ ਝੱਲਣੀ ਪੈ ਰਹੀ ਹੈ ਕਿਉਂਕਿ ਵੋਟਰ-ਸਪੋਰਟਰ ਚਾਹਵਾਨ ਉਮੀਦਵਾਰਾਂ ਦੇ ਘਰੀਂ ਡੇਰੇ ਲਾ ਕੇ ਬੈਠੇ ਰਹਿੰਦੇ ਹਨ ਜਿਨ੍ਹਾਂ ਦੀ ਆਓ ਭਗਤ ਕਰਨਾ ਜ਼ਾਹਰ ਜਿਹੀ ਗੱਲ ਹੈ। ਗੱਲ ਕਰਦੇ ਹਾਂ ਬਲਾਕ ਤਰਸਿੱਕਾ ਦੇ ਪਿੰਡਾਂ ਦੀ ਜਿਥੋਂ ਦੀਆਂ ਪੰਚਾਇਤਾਂ ਕੰਮ ਕਰਨ ਨੂੰ ਤਿਆਰ ਹਨ ਪਰ ਪੰਜਾਬ ਸਰਕਾਰ ਵੱਲੋਂ ਤਾਨਾਸ਼ਾਹੀ ਹੁਕਮ ਚਾੜ੍ਹਦਿਆਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਭੰਗ ਕਰਕੇ ਕੰਮ ਕਰਨ ਦੇ ਅਧਿਕਾਰਾਂ ਤੋਂ ਵਾਂਝੇ ਕਰਕੇ ਵਾਗਡੋਰ ਪ੍ਰਬੰਧਕਾਂ ਦੇ ਹੱਥਾਂ ਵਿੱਚ ਇਸ ਲਈ ਸੌਂਪ ਦਿੱਤੀ ਕਿ ਕਾਂਗਰਸ ਜਾਂ ਅਕਾਲੀ ਦਲ ਦੀਆਂ ਪੰਚਾਇਤਾਂ ਪਿੰਡਾਂ ਵਿੱਚ ਕੰਮ ਨਾ ਕਰ ਸਕਣ ਜਦਕਿ ਪ੍ਰਬੰਧਕ ਕਿਹੜੇ ਘੱਟ ਹਨ, ਉਹ ਵੀ ਪਿੰਡਾਂ ਵਿੱਚ ਕੰਮ ਸਹੀ ਢੰਗ ਨਾਲ ਚਾਲੂ ਨਹੀਂ ਕਰਵਾ ਸਕੇ। ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਪੰਚਾਇਤਾਂ ਤਾਂ ਫਿਰ ਵੀ ਕੰਮ ਸਹੀ ਤਰੀਕੇ ਨਾਲ ਕਰਦੀਆਂ ਹਨ ਪਰ ਜਿਹੜੇ ਪਿੰਡਾਂ ਵਿੱਚ ਪ੍ਰਬੰਧਕ ਲੱਗੇ ਹੋਏ ਹਨ ਉਨ੍ਹਾਂ ਦੇ ਕਾਰਣ ਪਿੰਡਾਂ ਦਾ ਤਾਂ ਰੱਬ ਹੀ ਰਾਖਾ ਹੈ। ਪਿੰਡਾਂ ਵਿੱਚ ਪ੍ਰਬੰਧਕ ਬਹੁਤ ਘੱਟ ਜਾਂਦੇ ਹਨ ਬਲਕਿ ਦਫ਼ਤਰਾਂ ਵਿੱਚ ਬੈਠ ਕੇ ਟਾਈਮ ਪਾਸ ਕਰਦੇ ਅਤੇ ਮਤੇ ਪਾਉਂਦੇ ਹਨ ਅਤੇ ਆਪਣੇ ਆਕਾਵਾਂ ਨੂੰ ਖੁਸ਼ ਕਰਨ ਲਈ ਪਿੰਡਾਂ ਵਿੱਚ ਧੜੇਬੰਦੀਆਂ ਨੂੰ ਵਧਾ ਰਹੇ ਹਨ। ਉਹ ਨਵੇਂ ਸਰਪੰਚ, ਪੰਚ ਬਣਨ ਦੀ ਦੌੜ ਵਿੱਚ ਸ਼ਾਮਿਲ ਲੋਕਾਂ ਵਿਚ ਵਾਹ-ਵਾਹ ਖੱਟਣ ਪਰ ਇਸ ਵਿੱਚ ਵੀ ਸਰਕਾਰ ਨਾਕਾਮ ਰਹੀ ਹੈ। ਕਈ ਪਿੰਡ ਅਜਿਹੇ ਵੀ ਹਨ ਜਿਥੋਂ ਦੀਆਂ ਪੰਚਾਇਤਾਂ ਨੇ ਬਾਹਰਲੀਆਂ ਬਹਿਕਾਂ ਦੇ ਡੇਰਿਆਂ ਨੂੰ ਜਾਂਦੇ ਰਸਤਿਆਂ ਨੂੰ ਪੱਕੇ ਕਰਨ ਲਈ ਮਤੇ ਪਾਏ ਹੋਏ ਹਨ ਪਰ ਪੰਚਾਇਤ ਅਧਿਕਾਰੀਆਂ ਨੇ ਕੰਮਾਂ 'ਤੇ ਬਰੇਕਾਂ ਲਗਾ ਕੇ ਲੋਕਾਂ ਦੇ ਹੱਕਾਂ ਦਾ ਘਾਣ ਕਰ ਦਿੱਤਾ ਹੈ। ਪੰਚਾਇਤੀ ਚੋਣਾਂ ਦਾ ਨਾ ਹੋਣਾ ਲੋਕਾਂ ਵਿੱਚ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਕਰ ਰਿਹਾ ਹੈ ਕਿ ਕੀ ਸਰਕਾਰ ਇਹ ਚੋਣਾਂ ਕਰਾਉਣਾ ਹੀਂ ਨਹੀਂ ਚਾਹੁੰਦੀ ਕਿਉਂਕਿ ਹੁਣ ਚਰਚਾ ਹੈ ਕਿ ਪੰਚਾਇਤੀ ਚੋਣਾਂ ਦੇ ਜ਼ਿਮਨੀ ਚੋਣਾਂ ਜਾਂ ਇਸ ਤੋਂ ਵੀ ਬਾਅਦ ਹੋਣ ਦੀ ਸੰਭਾਵਨਾ ਹੈ? ਜੇ ਇਸ ਨੂੰ ਸੱਚ ਮੰਨ ਲਿਆ ਜਾਵੇ ਤਾਂ ਫਿਰ ਵਿਚਾਰੇ ਚਾਹਵਾਨਾਂ ਉਮੀਦਵਾਰਾਂ ਦਾ ਤਾਂ ਰੱਬ ਹੀ ਰਾਖਾ ਹੈ ਕਿਉਂਕਿ ਜਿਸ ਢੰਗ ਨਾਲ ਉਹ ਖਰਚਾ ਕਰ ਰਹੇ ਹਨ ਅਤੇ ਦੁਸ਼ਮਣੀਆਂ ਮੁੱਲ ਲੈ ਰਹੇ ਉਹ ਵਿਚਾਰੇ ਤਾਂ ਫਿਰ ਕੀ ਚੰਗਾ ਕਰਨਗੇ? ਲੋਕਾਂ ਵਿੱਚ ਇਹ ਵੀ ਚਰਚਾ ਹੈ ਕਿ ਸ਼ਾਇਦ ਸਰਕਾਰ ਨੇ ਇਹ ਚੋਣਾਂ ਜ਼ਿਮਨੀ ਚੋਣਾਂ ਅਤੇ ਨਗਰ ਨਿਗਮ, ਜ਼ਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀਆਂ ਤੋਂ ਬਾਅਦ ਕਰਾਉਣੀਆਂ ਹਨ ਕਿਉਂਕਿ ਪੰਚਾਇਤੀ ਚੋਣਾਂ ਟਾਲ ਕੇ ਸਰਕਾਰ ਸਾਰੇ ਧੜਿਆਂ ਨੂੰ ਆਪਣੇ ਨਾਲ ਰੱਖਣਾ ਚਾਹੁੰਦੀ ਹੈ। ਕਈ ਚਾਹਵਾਨਾਂ ਨੇ ਗੱਲਬਾਤ ਕਰਦਿਆ ਕਿਹਾ ਕਿ ਜਦੋਂ ਸਰਕਾਰ ਚੋਣਾਂ ਹੀ ਨਹੀਂ ਕਰਵਾ ਰਹੀ ਤਾਂ ਸਾਨੂੰ ਮਜਬੂਰੀ ਵੱਸ ਫਿਰ ਵੀ ਖਰਚੇ ਦਾ ਅੱਕ ਫੱਕਣਾ ਪੈ ਰਿਹਾ ਹੈ। ਉਮੀਦਵਾਰ ਚਾਹੁੰਦੇ ਹਨ ਕਿ ਸਰਕਾਰ ਚੋਣਾਂ ਦਾ ਐਲਾਨ ਕਰੇ ਤਾਂ ਜੋ ਉਹ ਖਰਚੇ ਦੀ ਮਾਰ ਤੋਂ ਬਚ ਸਕਣ। ਹੁਣ ਸਮੇਂ ਦੀ ਮੰਗ ਹੈ ਕਿ ਸਰਕਾਰ ਨੂੰ ਪੰਚਾਇਤੀ ਚੋਣਾਂ ਬਾਰੇ ਕੋਈ ਫ਼ੈਸਲਾ ਜਲਦ ਲੈਣਾ ਚਾਹੀਦਾ ਹੈ ਨਹੀਂ ਤਾਂ ਇਹ ਚੋਣਾਂ ਕਰਵਾਉਣ ਦਾ ਫ਼ੈਸਲਾ ਅਜੇ ਤੱਕ ਇਕ ਬੁਸ਼ਾਰਤ ਹੀ ਬਣਿਆ ਹੋਇਆ।

ਸ਼ਿਵ ਸੈਨਾ ਸਮਾਜਵਾਦੀ ਦੇ ਰਜੀਵ ਮਹਾਜਨ ਕੌਮੀ ਜਨਰਲ ਸਕੱਤਰ ਨਿਯੁਕਤ

ਗੁਰਦਾਸਪੁਰ, (ਜਨਕ ਮਹਾਜਨ)

ਸ਼ਿਵ ਸੈਨਾ ਸਮਾਜਵਾਦੀ ਦੀ ਇੱਕ ਵਿਸ਼ੇਸ਼ ਮੀਟਿੰਗ ਗੁਰਦਾਸਪੁਰ ਵਿਖੇ ਹੋਈ ਜਿਸ ਦੀ ਅਗਵਾਈ ਕਮਲੇਸ਼ ਭਾਰਦਵਾਜ ਨੇ ਕੀਤੀ। ਇਸ ਮੌਕੇ ਉਨ੍ਹਾਂ ਨਾਲ ਰਾਸ਼ਟਰੀ ਚੇਅਰਮੈਨ ਹਨੀ ਭਾਰਦਵਾਜ, ਰਾਸ਼ਟਰੀ ਉਪ ਪ੍ਰਧਾਨ ਕਪਿਲ ਮਹਾਜਨ, ਪੰਜਾਬ ਚੇਅਰਮੈਨ ਨਰਿੰਦਰ ਥਾਪਰ, ਰਜੀਵ ਮਹਾਜਨ, ਰਾਜਨ ਰਾਨਾ, ਰਿਸ਼ਭ ਕਨੌਜੀਆ ਸ਼ਿਵ ਸੈਨਿਕ ਵੀ ਸ਼ਾਮਿਲ ਹੋਏ। ਇਸ ਮੀਟਿੰਗ ਵਿੱਚ ਰਾਸ਼ਟਰੀ ਪ੍ਰਧਾਨ ਕਮਲੇਸ਼ ਭਾਰਦਵਾਜ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਰਜੀਵ ਮਹਾਜਨ ਨੂੰ ਕੌਮੀ ਜਨਰਲ ਸਕੱਤਰ ਨਿਯੁਕਤ ਕੀਤਾ ਤੇ ਰਾਸ਼ਟਰੀ ਕਾਰਜਕਾਰਨੀ ਵਿੱਚ ਸ਼ਾਮਿਲ ਕੀਤਾ। ਕਮਲੇਸ਼ ਭਾਰਦਵਾਜ ਨੇ ਕਿਹਾ ਕਿ ਰਜੀਵ ਮਹਾਜਨ ਜਦ ਤੋਂ ਪਾਰਟੀ ਬਣਾਈ ਹੈ ਉਦੋ ਤੋਂ ਪਾਰਟੀ ਨਾਲ ਵਫਾਦਾਰੀ ਅਤੇ ਮਿਹਨਤ ਨਾਲ ਕੰਮ ਕਰਦੇ ਆ ਰਹੇ ਹਨ। ਇਸੇ ਲਈ ਰਜੀਵ ਮਹਾਜਨ ਦੀ ਇਸ ਪਾਰਟੀ ਪ੍ਰਤੀ ਵਫਾਦਾਰੀ ਅਤੇ ਤਿਆਗ ਨੂੰ ਦੇਖਦੇ ਹੋਏ ਪਾਰਟੀ ਹਾਈ ਕਮਾਂਡ ਨੇ ਉਨ੍ਹਾਂ ਨੂੰ ਰਾਸ਼ਟਰੀ ਬਾਡੀ ਵਿੱਚ ਸ਼ਾਮਿਲ ਕਰਦਿਆਂ ਇਹ ਫੈਸਲਾ ਲਿਆ ਹੈ। ਰਜੀਵ ਮਹਾਜਨ ਨੇ ਰਾਸ਼ਟਰੀ ਪ੍ਰਧਾਨ ਕਮਲੇਸ਼ ਭਾਰਦਵਾਜ, ਚੇਅਰਮੈਨ ਹਨੀ ਭਾਰਦਵਾਜ ਦਾ ਧੰਨਵਾਦ ਕਰਦਿਆ ਕਿਹਾ ਕਿ ਪਾਰਟੀ ਨੇ ਜੋ ਵਿਸ਼ਵਾਸ ਮੇਰੇ 'ਤੇ ਜਤਾਇਆ ਹੈ ਮੈਂ ਤਹਿ ਦਿਲੋਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਤੇ ਪਾਰਟੀ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅੱਗੇ ਵੀ ਇਸੇ ਤਰ੍ਹਾਂ ਪਾਰਟੀ ਦੀ ਸੇਵਾ ਕਰਦਾ ਰਹਾਂਗਾ। ਇਸ ਮੀਟਿੰਗ ਵਿੱਚ ਵਿਕਰਮ ਦੱਤਾ, ਵਿਸ਼ਾਲ ਦਤਾ, ਆਸ਼ੂ ਗਰੋਵਰ, ਰਿੰਕੂ, ਮਹਿਲਾ ਵਿੰਗ ਗੁਰਦਾਸਪੁਰ ਜ਼ਿਲ੍ਹਾ ਪ੍ਰਧਾਨ ਰੰਜਨਾ ਦੇਵੀ, ਰਵਿੰਦਰ ਮਹਾਜਨ ਵੀ ਸ਼ਾਮਿਲ

4-AUG-PAGE-4.qxd 8/3/2024 11:11 PM Page 1

ਕਿਰਤੀਆਂ ਦੇ ਸੰਘਰਸ਼ ਦੀ ਹੋਈ ਜਿੱਤ, ਨਗਰ ਪੰਚਾਇਤ ਦੇ ਪੰਜੇ ਕਰਮਚਾਰੀ ਮੁੜ ਬਹਾਲ

ਭਗਤਾ ਭਾਈ ਕਾ (ਰਾਜੀਵ ਗੋਇਲ)

ਬੀਤੇ ਕਈ ਦਿਨਾਂ ਤੋਂ ਸਥਾਨਕ ਨਗਰ ਪੰਚਾਇਤ ਦਫਤਰ ਦੇ ਸਫਾਈ ਕਾਮਿਆਂ ਦਾ ਸੰਘਰਸ਼ ਬੀਤੀ ਸ਼ਾਮ ਜਿੱਤ ਦੀਆਂ ਉਚਾਈਆਂ ਨੂੰ ਛੂਹਦਾ ਹੋਇਆ ਸਮਾਪਤ ਹੋ ਗਿਆ ਅਤੇ ਪ੍ਰਸ਼ਾਸਨ ਵੱਲੋਂ ਨੌਕਰੀ ਤੋਂ ਬਰਖਾਸਤ ਕੀਤੇ ਗਏ ਪੰਜੇ ਮੁਲਾਜ਼ਮ ਮੁੜ ਬਹਾਲ ਕਰ ਦਿੱਤੇ ਗਏ ਹਨ। ਬੀਤੀ 13 ਜੁਲਾਈ ਤੋਂ ਇਹ ਕਿਰਤੀ ਕਾਮੇ ਆਪਣਾ ਕੰਮ-ਕਾਜ ਠੱਪ ਕਰਕੇ ਧਰਨੇ 'ਤੇ ਬੈਠੇ ਸਨ ਅਤੇ ਮੰਗ ਇਹੀ ਸੀ ਕਿ ਉਨ੍ਹਾਂ ਦੇ ਨੌਕਰੀ ਤੋਂ ਬਰਖਾਸਤ ਕੀਤੇ ਸਾਥੀਆਂ ਨੂੰ ਮੁੜ ਬਹਾਲ ਕੀਤਾ ਜਾਵੇ।

ਮੋਰਚਾ ਫਤਹਿ ਕਰਨ ਤੋਂ ਬਾਅਦ ਸੂਬਾਈ ਪ੍ਰਧਾਨ ਸੰਦੀਪ ਬਾਲੀ ਨਾਲ ਕਿਰਤੀ ਕਾਮੇ।

ਮਾਮਲਾ ਇਹ ਸੀ ਕਿ ਆਮ ਆਦਮੀ ਪਾਰਟੀ ਦੇ ਕੁਝ ਕੁ ਕਾਰਕੁਨਾਂ ਵੱਲੋਂ ਨਗਰ ਪੰਚਾਇਤ ਦੇ ਕਾਰਜ ਸਾਧਕ ਅਫਸਰ ਨੂੰ ਹੇਠਲੇ ਪੱਧਰ ਦੇ ਕਰੀਬ ਪੰਜ ਮੁਲਾਜ਼ਮਾਂ ਖਿਲਾਫ ਲੋਕਾਂ ਪ੍ਰਤੀ ਵਿਵਹਾਰ ਸਹੀ ਨਾ ਹੋਣ ਦਾ ਦੋਸ਼ ਲਗਾ ਕੇ ਸ਼ਿਕਾਇਤ ਅਰਜ਼ੀ ਦਿੱਤੀ ਗਈ ਸੀ, ਜਿਸ ਨੂੰ ਅਧਾਰ ਬਣਾ ਕੇ ਈ ਓ ਵੱਲੋਂ ਇਨ੍ਹਾਂ ਪੰਜੇ ਮੁਲਾਜ਼ਮਾਂ ਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ ਗਿਆ ਸੀ। ਇਸ ਮਸਲੇ ਨੂੰ ਲੈ ਕੇ ਕਿਰਤੀ ਕਾਮਿਆਂ ਵੱਲੋਂ ਸੰਘਰਸ਼ ਦਾ ਰਾਹ ਅਪਣਾਇਆ ਗਿਆ ਸੀ, ਜਿਹੜਾ ਕਿ ਕਰੀਬ 20 ਦਿਨ ਲਗਾਤਾਰ ਚੱਲਿਆ ਤੇ ਤਕਰੀਬਨ ਅਮਨ ਪਸੰਦ ਸਾਰੇ ਹੀ ਸਿਆਸੀ ਲੀਡਰਾਂ ਵੱਲੋਂ ਇਨ੍ਹਾਂ ਕਿਰਤੀਆਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ ਗਿਆ ਸੀ। ਸਾਥੀ ਕਾਮਿਆਂ ਦੇ ਸੰਘਰਸ਼ ਨੂੰ ਹੁਲਾਰਾ ਦੇਣ ਲਈ ਸਫਾਈ ਯੂਨੀਅਨ ਦੇ ਸੂਬਾਈ ਮੀਤ ਪ੍ਰਧਾਨ ਸੰਦੀਪ ਬਾਲੀ ਆਪਣੇ ਸਕੇ ਚਾਚੇ ਦੀ ਅਰਥੀ ਨੂੰ ਛੱਡ ਆਪਣੇ ਸਾਥੀਆਂ ਦੇ ਸੰਘਰਸ਼ ਵਿੱਚ ਪਹੁੰਚੇ ਤੇ ਹਲਕਾ ਵਿਧਾਇਕ ਵੱਲੋਂ ਦਿੱਤੇ ਗਏ ਸਮੇਂ ਅਨੁਸਾਰ ਮੀਟਿੰਗ ਵਿੱਚ ਪੁੱਜੇ, ਜਿੱਥੇ ਆਪਣੇ ਸਾਥੀਆਂ ਦੀਆਂ ਮੰਗਾਂ ਨੂੰ ਮਨਵਾਉਂਦੇ ਹੋਏ ਨਗਰ ਪੰਚਾਇਤ ਭਗਤਾ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਦਾ ਹਾਰ ਪਾ ਕੇ ਭਰਵਾਂ ਸਵਾਗਤ ਕੀਤਾ ਗਿਆ ਤੇ ਲੱਡੂ ਵੰਡੇ ਗਏ। ਉਨ੍ਹਾਂ ਇਸ ਮੌਕੇ ਸਾਰੇ ਹੀ ਸ਼ਹਿਰ ਵਾਸੀਆਂ ਦਾ ਕਿਰਤੀਆਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਨ 'ਤੇ ਧੰਨਵਾਦ ਕੀਤਾ।

ਉਧਰ ਦੂਜੇ ਪਾਸੇ ਕਿਰਤੀ ਕਾਮਿਆਂ ਵੱਲੋਂ ਮਹਿਲਾ ਕਰਮੀਆਂ ਨਾਲ ਹੋਈ ਬਦਸਲੂਕੀ ਮਾਮਲੇ ਵਿੱਚ ਕਾਨੂੰਨੀ ਕਾਰਵਾਈ ਕਰਵਾਈ ਜਾ ਰਹੀ ਸੀ ਤੇ ਬਾਜ਼ਾਰ ਦੇ ਦੁਕਾਨਦਾਰਾਂ ਵੱਲੋਂ ਇਨ੍ਹਾਂ ਕਿਰਤੀਆਂ ਦੀ ਜਿੱਤ ਦੀ ਖੁਸ਼ੀ ਮਨਾਈ ਗਈ।

ਬਾਬਾ ਕੜਾਹਾ ਮੱਲ ਦੀ ਯਾਦ 'ਚ ਗੁਰਮਤਿ ਸਮਾਗਮ 10 ਨੂੰ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)

ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਨਿਨ ਸੇਵਕ ਬਾਬਾ ਕੜਾਹਾ ਮੱਲ ਮਹਿਲ ਕਲਾਂ ਦੀ ਯਾਦ ਨੂੰ ਸਮਰਪਤ ਮਹਾਨ ਗੁਰਮਤਿ ਸਮਾਗਮ 10 ਅਗਸਤ ਨੂੰ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਇਤਿਹਾਸਕ ਗੁਰਦੁਆਰਾ ਪਾਤਿਸ਼ਾਹੀ ਛੇਵੀਂ ਮਹਿਲ ਕਲਾਂ (ਬਰਨਾਲਾ) ਵਿਖੇ ਕਰਵਾਇਆ ਜਾ ਰਿਹਾ ਹੈ।ਪ੍ਰਧਾਨ ਬਾਬਾ ਸ਼ੇਰ ਸਿੰਘ ਖ਼ਾਲਸਾ, ਭਾਈ ਸਤਨਾਮ ਸਿੰਘ ਮਹਿਲ ਕਲਾਂ ਅਨੁਸਾਰ 10 ਅਗਸਤ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਤਖਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਗਰੰਥੀ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਭਾਈ ਗੁਰਜਿੰਦਰ ਸਿੰਘ, ਅੰਤ੍ਰਿਗ ਕਮੇਟੀ ਮੈਂਬਰ ਭਾਈ ਪਰਮਜੀਤ ਸਿੰਘ ਖ਼ਾਲਸਾ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ ਤੇ ਪ੍ਰਸਿੱਧ ਢਾਡੀ ਬਲਦੇਵ ਸਿੰਘ ਲੌਂਗੋਵਾਲ ਦਾ ਜਥਾ ਜੋਧਿਆਂ ਦੀਆਂ ਵਾਰਾਂ ਪੇਸ਼ ਕਰੇਗਾ।ਪ੍ਰਬੰਧਕਾਂ ਨੇ ਇਸ ਮੌਕੇ ਸਮੂਹ ਸੰਗਤਾਂ ਨੂੰ ਪਹੁੰਚਣ ਦੀ ਅਪੀਲ ਕੀਤੀ।

ਬਿਜਲੀ ਕਰਮਚਾਰੀਆਂ ਨਾਲ ਡਿਊਟੀ ਦੌਰਾਨ ਬਦਸਲੂਕੀ ਖਿਲਾਫ ਰੋਸ ਰੈਲੀ

ਬਰੇਟਾ (ਗੀਤਵਾਲ)-ਸਥਾਨਕ ਬਿਜਲੀ ਵਿਭਾਗ ਵਿੱਚ ਕੰਮ ਕਰਦੀਆਂ ਸਮੂਹ ਜਥੇਬੰਦੀਆਂ ਨੇ ਸਾਂਝੇ ਤੌਰ 'ਤੇ ਬੀਤੇ 27 ਜੁਲਾਈ ਪਿੰਡ ਜੁਗਲਾਣ ਵਿਖੇ ਬਿਜਲੀ ਕਰਮਚਾਰੀਆਂ 'ਤੇ ਕੁੱਝ ਗੁੰਡਾ ਅਨਸਰਾਂ ਵੱਲੋਂ ਕੀਤੇ ਹਮਲੇ ਤੇ ਬਦਸਲੂਕੀ ਖਿਲਾਫ ਰੋਹ ਭਰਪੂਰ ਰੋਸ ਰੈਲੀ ਕੀਤੀ ਗਈ।ਇਸ ਮੌਕੇ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਪਿੰਡ ਜੁਗਲਾਣ ਵਿਖੇ ਮਹਿਕਮੇ ਦੀਆਂ ਹਦਾਇਤਾਂ ਅਨੁਸਾਰ ਚੈਕਿੰਗ ਕਰਨ ਆਈ ਟੀਮ 'ਤੇ ਪਿੰਡ ਦੇ ਹੀ ਕੁਝ ਸ਼ਰਾਰਤੀ ਅਨਸਰ, ਜਿਨ੍ਹਾਂ ਵਿੱਚ ਬਹਾਦਰ ਸਿੰਘ, ਸੁਖਪਾਲ ਸਿੰਘ, ਹੈਪੀ ਸਿੰਘ ਤੇ 25-30 ਅਣਪਛਾਤੇ ਬੰਦਿਆਂ ਨੇ ਹਮਲਾ ਕਰਨ ਉਪਰੰਤ ਉਨ੍ਹਾਂ ਦੇ ਮੋਬਾਇਲ ਖੋਹ ਲਏ ਤੇ ਚੈਕਿੰਗ ਰਜਿਸਟਰ ਨੂੰ ਪਾੜ ਦਿੱਤਾ, ਜਿਸ ਕਾਰਨ ਮਜਬੂਰ ਟੀਮ ਨੂੰ ਵਾਪਸ ਪਰਤਨਾ ਪਿਆ।ਇਸ ਸਬੰਧੀ ਉਪ-ਮੰਡਲ ਅਫਸਰ ਵੱਲੋਂ ਸਥਾਨਕ ਥਾਣਾ ਮੁਖੀ ਨੂੰ ਕਾਰਵਾਈ ਸਬੰਧੀ ਮੰਗ ਪੱਤਰ ਦਿੱਤਾ ਗਿਆ। ਆਗੂਆਂ ਨੇ ਕਿਹਾ ਕਿ ਐਨੇ ਦਿਨ ਲੰਘ ਜਾਣ 'ਤੇ ਅਜੇ ਤੱਕ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ।ਉਨ੍ਹਾਂ ਮੰਗ ਕੀਤੀ ਕਿ ਜਲਦੀ ਤੋਂ ਜਲਦੀ ਦੋਸ਼ੀਆਂ ਖਿਲਾਫ ਬਣਦੀ ਸਖਤ ਕਾਨੂੰਨੀ ਕਰਵਾਈ ਕੀਤੀ ਜਾਵੇ, ਨਹੀਂ ਤਾਂ ਪੁਲਸ ਖਿਲਾਫ ਸੰਘਰਸ਼ ਨੂੰ ਹੋਰ ਤੇਜ਼ ਕਰਦੇ ਹੋਏ ਪੱਕਾ ਧਰਨਾ ਲਾਇਆ ਜਾਵੇਗਾ ਤੇ ਇਸ ਦੀ ਜ਼ਿੰਮੇਵਾਰੀ ਪੁਲਸ ਪ੍ਰਸ਼ਾਸਨ ਦੀ ਹੋਵੇਗੀ।ਇਸ ਮੌਕੇ ਰੈਲੀ ਨੂੰ ਸਾਂਝੀ ਸੰਘਰਸ਼ ਕਮੇਟੀ ਦੇ ਆਗੂ ਰਣਜੀਤ ਕੁਮਾਰ, ਗੁਰਦੀਪ ਸਿੰਘ, ਜੇ ਈ ਭਾਨਾ ਸਿੰਘ, ਬਲਵੀਰ ਸਿੰਘ, ਸਤਗੁਰ ਸਿੰਘ, ਸੋਨੀ ਸਿੰਘ ਬਰੇਟਾ, ਤਰਸੇਮ ਸਿੰਘ ਕੁਲਰੀਆਂ, ਮੱਖਣ ਸਿੱਘ, ਸੁਖਲਾਲ ਸਿੰਘ ਤੇ ਪ੍ਰਗਟ ਸਿੰਘ ਨੇ ਸੰਬੋਧਨ ਕੀਤਾ।

ਜਨਹਿਤ ਸਮਿਤੀ ਵੱਲੋਂ ਰੁੱਖ ਲਗਾਉਣ ਦਾ ਉਪਰਾਲਾ ਲਗਾਤਾਰ ਜਾਰੀ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਸੰਸਥਾ ਜਨਹਿਤ ਸਮਿਤੀ ਪਟਿਆਲਾ ਵੱਲੋਂ ਇਸ ਸਾਲ ਰੁੱਖ ਲਗਾਉਣ ਦਾ ਮਿਸ਼ਨ ਲਗਾਤਾਰ ਚਲ ਕਰ ਰਿਹਾ ਹੈ ।ਇਸੇ ਦੌਰਾਨ ਸ਼ਨੀਵਾਰ ਸੰਸਥਾ ਵੱਲੋਂ ਪੁਲਸ ਗਰਾਊਂਡ ਰਾਘੋ ਮਾਜਰਾ ਪਾਰਕ ਵਿਖੇ ਰੁੱਖ ਲਗਾਏ ਗਏ। ਇਸ ਮੌਕੇ ਪ੍ਰਧਾਨ ਐਸ ਕੇ ਗੌਤਮ ਨੇ ਕਿਹਾ ਕਿ ਜੇਕਰ ਸਾਰੇ ਲੋਕ ਰੁੱਖ ਲਗਾ ਕੇ ਸਾਂਭਣ ਤਾਂ ਧਰਤੀ ਨੂੰ ਆਲਮੀ ਤਪਸ਼ ਤੋਂ ਬਚਾਇਆ ਜਾ ਸਕਦਾ ਹੈ। ਅਸੀਂ ਜੇਕਰ ਰੁੱਖ ਲਗਾ ਕੇ ਸੰਭਾਲੀਏ ਤਾਂ ਵਾਤਾਵਰਣ ਨੂੰ ਸੁਖਾਵਾਂ ਰੱਖਿਆ ਤੇ ਸ਼ੁੱਧ ਬਣਾ ਸਕਦੇ ਹਾਂ । ਇਸ ਮੌਕੇ ਸਕੱਤਰ ਵਿਨੋਦ ਸ਼ਰਮਾ ਨੇ ਕਿਹਾ ਕਿ ਸਾਨੂੰ ਆਪਣੇ ਘਰ ਤੋਂ ਰੁੱਖ ਲਗਾਉਣ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ ਅਤੇ ਆਪਣੇ ਆਲੇ ਦੁਆਲੇ ਥਾਵਾਂ 'ਤੇ ਹਰ ਇਨਸਾਨ ਨੂੰ ਰੁੱਖ ਲਗਾ ਕੇ ਸੰਭਾਲ ਕਰਨੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਅਸੀ ਇਕ ਹਜ਼ਾਰ ਰੁੱਖ ਲਗਾ ਕੇ ਉਨ੍ਹਾਂ ਨੂੰ ਸਾਂਭਣ ਦਾ ਪ੍ਰਣ ਕੀਤਾ ਹੈ।ਜੇਕਰ ਰੁੱਖ ਰਹਿਣਗੇ ਤਦ ਹੀ ਜੀਵਨ ਸੰਭਵ ਹੈ, ਕਿਉਂਕਿ ਰੁੱਖ ਹੀ ਆਕਸੀਜਨ ਅਤੇ ਹਵਾ ਦਾ ਸਰੋਤ ਹਨ, ਜੇਕਰ ਰੁੱਖ ਘਟ ਗਏ ਤਾਂ ਸਾਡਾ ਜੀਵਨ ਜਿਊਣਾ ਨਾ ਮੁਮਕਿਨ ਹੋ ਜਾਵੇਗਾ। ਪਰਵੀਨ ਸ਼ਰਮਾ ਨੇ ਦੱਸਿਆ ਕਿ ਜਨਹਿਤ ਹਰ ਸਾਲ ਰੁੱਖ ਲਗਾ ਕੇ ਸੰਭਾਲਦੀ ਹੈ। ਉਨ੍ਹਾਂ ਸਾਰਿਆਂ ਦਾ ਧੰਨਵਾਦ ਕੀਤਾ ਤੇ ਸਭ ਨੂੰ ਰੁੱਖ ਲਗਾਉਣ ਦੀ ਅਪੀਲ ਕੀਤੀ। ਇਸ ਮੌਕੇ ਪਹੁੰਚੇ ਪਤਵੰਤੇ ਲੋਕਾਂ ਵਿਚ ਜਿਵਿਤੇਸ਼ ਸ਼ਰਮਾ, ਕਵਿਤਾ ਸ਼ਰਮਾ, ਅਵਿਨਾਸ਼ ਕੁਮਾਰ, ਅਸ਼ੋਕ ਵਰਮਾ, ਗੁਰਿੰਦਰ ਸਿੰਘ, ਐਸ ਪੀ ਪਰਾਸ਼ਰ, ਸੁਰਿੰਦਰ ਸਿੰਘ ਅਤੇ ਹਰੀਸ਼ ਕੁਮਾਰ ਸ਼ਾਮਲ ਸਨ।

ਜੀ ਹੋਲੀ ਹਾਰਟ ਸਕੂਲ ਵੱਲੋਂ ਵਿਦਿਆਰਥੀ ਟੈਬ ਨਾਲ ਸਨਮਾਨਤ

ਮਹਿਲ ਕਲਾਂ (ਬਲਵਿੰਦਰ ਵਜੀਦਕੇ)-ਜੀ. ਹੋਲੀ ਹਾਰਟ ਪਬਲਿਕ ਸਕੂਲ, ਮਹਿਲ ਕਲਾਂ ਇਲਾਕੇ ਦੀ ਉੱਘੀ ਵਿੱਦਿਅਕ ਸੰਸਥਾ ਹੈ ਜੋ ਕਿ ਪੜ੍ਹਾਈ ਅਤੇ ਖੇਡਾਂ ਦੇ ਖੇਤਰ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕਰਦੀ ਆ ਰਹੀ ਹੈ। ਹੋਲੀ ਹਾਰਟ ਸਕੂਲ ਹਰ ਸਾਲ ਹੀ ਚੰਗੇ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੇ ਭਵਿੱਖ ਨੂੰ ਮੱਦੇਨਜ਼ਰ ਰੱਖਦੇ ਹੋਏ ਉਨ੍ਹਾਂ ਨੂੰ ਸਕਾਲਰਸ਼ਿਪ ਦਿੰਦਾ ਆ ਰਿਹਾ ਹੈ।ਸੈਸ਼ਨ 2023-24 ਦੀ ਹੋਈ ਬੋਰਡ ਦੀ ਪ੍ਰੀਖਿਆ ਵਿੱਚੋਂ ਪੁਜੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੱਤੀ ਗਈ। ਇਸ ਸਕਾਲਰਸ਼ਿਪ ਵਿੱਚ ਖਾਸ ਇਹ ਸੀ ਕਿ ਜਿਹੜੇ ਵਿਦਿਆਰਥੀਆਂ ਨੇ 95% ਤੋਂ ਉੱਪਰ ਅੰਕ ਪ੍ਰਾਪਤ ਕੀਤੇ ਉਨ੍ਹਾਂ ਨੂੰ 25% ਫੀਸ ਮੁਆਫੀ ਅਤੇ ਟੈਬ ਦਿੱਤੀ ਗਈ।ਇਸ ਮੌਕੇ ਵਿਦਿਆਰਥੀ ਹਰਸਿਮਰਤ ਕੌਰ ਸਪੁੱਤਰੀ ਹਰਪ੍ਰੀਤ ਸਿੰਘ ਜਿਸ ਨੇ ਦਸਵੀਂ ਕਲਾਸ ਵਿੱਚੋਂ 95% ਤੋਂ ਉੱਪਰ ਅੰਕ ਪ੍ਰਾਪਤ ਕੀਤੇ ਨੂੰ ਸਕਾਲਰਸ਼ਿਪ ਅਤੇ ਟੈਬ ਨਾਲ ਸਨਮਾਨਤ ਕੀਤਾ ਗਿਆ।ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸੁਸ਼ੀਲ ਗੋਇਲ ਅਤੇ ਐਗਜ਼ੀਕਿਊਟਿਵ ਡਾਇਰੈਕਟਰ ਰਾਕੇਸ਼ ਬਾਂਸਲ ਨੇ ਕਿਹਾ ਕਿ ਅਸੀਂ ਮਿਹਨਤੀ ਬੱਚਿਆਂ ਨੂੰ ਹਰ ਇੱਕ ਉਹ ਸਾਧਨ ਮੁਹਈਆ ਕਰਵਾਵਾਂਗੇ ਜੋ ਉਨ੍ਹਾਂ ਵਾਸਤੇ ਭਵਿੱਖ ਲਈ ਚੰਗੇ ਅੰਕ ਪ੍ਰਾਪਤ ਕਰਨ ਵਿੱਚ ਸਹਾਇਕ ਹੋਵੇਗਾ ਅਤੇ ਇਸ ਵਾਰ ਜੋ ਬੱਚਾ 100% ਨੰਬਰ ਲਵੇਗਾ ਉਸ ਨੂੰ ਲੈਪਟਾਪ ਦਿੱਤਾ ਜਾਵੇਗਾ। ਇਸ ਮੌਕੇ ਵਿਦਿਆਰਥਣ ਹਰਸਿਮਰਤ ਕੌਰ ਨੇ ਕਿਹਾ ਕਿ ਸਾਡੇ ਸਕੂਲ ਵਿੱਚ ਸਾਡਾ ਭਵਿੱਖ ਬਹੁਤ ਉਜਵਲ ਹੈ। ਸਾਡੇ ਅਧਿਆਪਕ ਬਹੁਤ ਵਧੀਆ ਤਰੀਕੇ ਨਾਲ ਪੜ੍ਹਾਉਂਦੇ ਹਨ। ਸਾਨੂੰ ਸਖਤ ਮਿਹਨਤ ਕਰਕੇ ਆਉਣ ਵਾਲੇ ਸਾਲ ਵਿੱਚ ਨਤੀਜਾ 100% ਲੈ ਕੇ ਆਉਣਾ ਚਾਹੀਦਾ ਹੈ।ਪ੍ਰਿੰਸੀਪਲ ਗੁਰਪ੍ਰੀਤ ਕੌਰ ਅਤੇ ਵਾਈਸ ਪ੍ਰਿੰਸੀਪਲ ਪੂਜਾ ਸ਼ਰਮਾ ਨੇ ਇਸ ਸਫ਼ਲਤਾ 'ਤੇ ਵਿਦਿਆਰਥੀਆਂ ਦੇ ਮਾਪਿਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ ਦੀਆਂ ਵਧਾਈਆਂ ਦਿੱਤੀਆਂ।ਇਸ ਮੌਕੇ ਵਿਦਿਆਰਥੀਆਂ ਦੇ ਮਾਤਾ-ਪਿਤਾ ਵੀ ਮੌਜੂਦ ਰਹੇ।

ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਭਲਕੇ ਸਰਕਾਰ ਦਾ ਪੁਤਲਾ ਫੂਕਣ ਦਾ ਫੈਸਲਾ

ਦੋਰਾਹਾ (ਹਰਮਿੰਦਰ ਸੇਠ)-ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੋਰਾਹਾ ਦੀ ਪਵਨ ਕੁਮਾਰ ਕੌਸ਼ਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਮੁੱਖ ਮੰਤਰੀ ਵੱਲੋਂ ਪੈਨਸ਼ਨਰਜ਼ ਦੀਆਂ ਮੰਗਾਂ ਪ੍ਰਤੀ ਲਗਾਤਾਰ ਲਾਰਾ ਲਗਾਉਣ ਤੇ ਬਿਰਧ ਪੈਨਸ਼ਨਰਜ਼ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਦੀ ਸਖਤ ਨਿਖੇਧੀ ਕਰਦਿਆਂ 5 ਅਗਸਤ ਨੂੰ ਸਰਕਾਰ ਤੇ ਉਸ ਦੀ ਲਾਰਿਆਂ ਦੀ 'ਪੰਡ' ਦਾ ਪੁਤਲਾ ਫੂਕਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਸੇਵਾ ਮੁਕਤ ਮੁੱਖ ਅਧਿਆਪਕ ਜੋਗਿੰਦਰ ਸਿੰਘ ਦੇ ਅਕਾਲ ਚਲਾਣੇ 'ਤੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਪਵਨ ਕੁਮਾਰ ਕੌਸ਼ਲ, ਰਣਜੀਤ ਟਿਵਾਣਾ, ਕਰਮ ਸਿੰਘ ਜਟਾਣਾ, ਕਮਲਜੀਤ ਸਿੰਘ, ਪਿਆਰਾ ਸਿੰਘ ਅੜ੍ਹੈਚਾਂ ਤੇ ਰੁਪਿੰਦਰ ਸਿੰਘ ਅਤੇ ਦਲੀਪ ਸਿੰਘ ਕਟਾਹਰੀ ਨੇ ਮੁੱਖ ਮੰਤਰੀ ਪੈਨਸ਼ਨਰਾਂ ਨਾਲ ਉਨ੍ਹਾਂ ਦੀਆਂ ਮੰਗਾਂ ਨੂੰ ਲਾਗੂ ਕਰਨ ਪ੍ਰਤੀ ਬਾਰ ਬਾਰ ਮੀਟਿੰਗਾਂ ਤਹਿ ਕਰਕੇ ਉਨ੍ਹਾਂ ਨੂੰ ਰੱਦ ਕੀਤੀਆਂ ਜਾਣਾ ਇੱਕ ਮੁੱਖ ਮੰਤਰੀ ਲਈ ਸ਼ੋਭਾ ਨਹੀਂ ਦਿੰਦਾ। ਮੀਟਿੰਗਾਂ ਨੂੰ ਵਾਰ ਵਾਰ ਰੱਦ ਕਰਨਾ ਪੈਨਸ਼ਨਰਾਂ ਨਾਲ ਕੋਝਾ ਮਜ਼ਾਕ ਹੈ।

ਪੈਨਸ਼ਨਰਾਂ ਤੇ ਮੁਲਾਜ਼ਮਾਂ ਵੱਲੋਂ ਆਪਣੀਆਂ ਮੰਗਾਂ ਨੂੰ ਲਾਗੂ ਕਰਵਾਉਣ ਸਬੰਧੀ ਸਰਕਾਰ 'ਤੇ ਦਬਾ ਪਾਉਣ ਲਈ 6 ਜੁਲਾਈ ਨੂੰ ਜਲੰਧਰ ਦੀ ਉੱਪ ਚੋਣ ਸਮੇਂ ਸਰਕਾਰ ਵਿਰੁੱਧ ਰੋਸ ਮਾਰਚ ਕਰਨਾ ਸੀ, ਜਿਸ ਨੂੰ ਮੁੱਖ ਰੱਖਦਿਆਂ 1 ਜੁਲਾਈ ਨੂੰ ਪੈਨਸ਼ਨਰ ਤੇ ਮੁਲਾਜ਼ਮਾਂ ਦੇ ਸਾਂਝੇ ਮੋਰਚੇ ਦੇ ਆਗੂਆਂ ਨੂੰ ਮੀਟਿੰਗ ਲਈ ਸੱਦ ਲਿਆ ਤੇ ਕਿਹਾ ਕਿ ਤੁਹਾਡੀਆਂ ਮੰਗਾਂ ਜਾਇਜ਼ ਨੇ ਅਤੇ ਚੋਣ ਹੋਣ ਤੋਂ ਬਾਅਦ ਫੈਸਲਾ ਲੈ ਲਿਆ ਜਾਵੇਗਾ ਤੇ 2 ਅਗਸਤ ਦੀ ਮੀਟਿੰਗ ਰੱਖ ਲਈ ਗਈ। ਇੱਕ ਅਗਸਤ ਨੂੰ ਇਹ ਮੀਟਿੰਗ ਵੀ ਰੱਦ ਕਰ ਦਿੱਤੀ, ਜਿਸ ਦਾ ਸਖਤ ਨੋਟਿਸ ਲੈਂਦਿਆਂ 5 ਤੇ 6 ਅਗਸਤ ਨੂੰ ਸਰਕਾਰ ਤੇ ਉਸ ਦੀ ਲਾਰਿਆਂ ਦੀ ਪੰਡ ਦਾ ਪੁਤਲਾ ਫੂਕਣ ਦਾ ਫੈਸਲਾ ਲਿਆ ਗਿਆ।

ਸੇਖੋਂ ਨੇ ਬੱਚਿਆਂ ਨੂੰ ਪੌਦੇ ਲਗਾਉਣ ਲਈ ਪ੍ਰੇਰਿਆ

ਅਧਿਆਪਕਾਂ ਨੂੰ ਕਮਜ਼ੋਰ ਬੱਚਿਆਂ ਵੱਲ ਵੱਧ ਤਵੱਜੋਂ ਦੇਣ ਦੀ ਅਪੀਲ

ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)

ਵਿਧਾਇਕ ਸ੍ਰ. ਗੁਰਦਿੱਤ ਸਿੰਘ ਸੇਖੋਂ ਤੇ ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਨੇ ਪਿੰਡ ਸੁੱਖਣਵਾਲਾ ਵਿਖੇ ਸੁਵਿਧਾ ਕੈਂਪ ਲਗਾਉਣ ਉਪਰੰਤ ਪਿੰਡ ਦੇ ਹੀ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਤੇ ਸੈਕੰਡਰੀ ਸਕੂਲ ਵਿਖੇ ਅਚਨਚੇਤ ਦੌਰਾ ਕੀਤਾ ਅਤੇ ਸਕੂਲ ਵਿੱਚ ਬੂਟੇ ਲਗਾ

4-AUG-PAGE-5.qxd 8/3/2024 11:10 PM Page 1

ਨਰੇਗਾ ਕਾਮਿਆਂ ਨੂੰ ਜਥੇਬੰਦਕ ਚੇਤਨ ਸੰਘਰਸ਼ ਕਰਨਾ ਪਵੇਗਾ : ਜਗਰੂਪ

ਸੰਗਰੂਰ (ਪ੍ਰਵੀਨ ਸਿੰਘ)-ਆਪਣੇ ਨਾਲ ਹੁੰਦੀ ਧੱਕੇਸ਼ਾਹੀ, ਅਨਫੇਅਰ ਲੇਬਰ ਪ੍ਰੈਕਟਿਸ ਬੰਦ ਕਰਕੇ ਨਰੇਗਾ ਵਿੱਚ ਪਾਰਦਰਸ਼ਤਾ ਲਿਆਉਣ ਲਈ ਨਰੇਗਾ ਕਾਮਿਆਂ ਨੂੰ ਹੀ ਨਰੇਗਾ ਐਕਟ ਦਾ ਬਾਰੀਕੀ ਨਾਲ੍ਹ ਅਧਿਐਨ ਕਰਕੇ ਚੇਤਨ ਸੰਘਰਸ਼ ਕਰਨਾ ਪਵੇਗਾ।ਇਸ ਤੋਂ ਬਗੈਰ ਕਾਮਿਆਂ ਦੀ ਜ਼ਿੰਦਗੀ ਮੁਸ਼ਕਲਾਂ 'ਚ ਘਿਰੀ ਰਹੇਗੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ (ਰਜਿ.) ਏਟਕ ਦੇ ਮੁੱਖ ਸਲਾਹਕਾਰ ਮਾਰਕਸਵਾਦੀ ਚਿੰਤਕ ਕਾਮਰੇਡ ਜਗਰੂਪ ਨੇ ਸੁਤੰਤਰ ਭਵਨ ਵਿਖੇ ਨਰੇਗਾ ਕਾਮਿਆਂ ਦੀ ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਕਮਿਊਨਿਸਟਾਂ ਦੀ ਮਦਦ ਨਾਲ ਬਣੀ ਯ ਪੀ ਏ-1 ਸਰਕਾਰ ਨੇ ਪੇਂਡੂ ਕਿਰਤੀਆਂ ਨੂੰ ਪਿੰਡ ਵਿੱਚ ਹੀ 100 ਦਿਨ ਕੰਮ ਦੇ ਕੇ ਭੁੱਖਮਰੀ ਤੋਂ ਬਚਾਉਣ ਲਈ ਨਰੇਗਾ ਕਾਨੂੰਨ ਬਣਾਇਆ ਸੀ, ਪਰ ਬੇਹੱਦ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਮੌਜੂਦਾ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਨਰੇਗਾ 2005 ਦੇ ਉਲਟ ਕੰਮ ਕਰ ਰਹੀਆਂ ਹਨ।ਨਰੇਗਾ ਉਜ਼ਰਤ ਦੇਣ ਵੇਲੇ ਕਾਮਿਆਂ ਨਾਲ ਮਜ਼ਾਕ ਕੀਤਾ ਜਾ ਰਿਹਾ ਹੈ, 322 ਰੁਪਏ ਰੋਟੀ ਵਾਲੀ ਦਿਹਾੜੀ ਦਿੱਤੀ ਜਾਂਦੀ ਹੈ, ਜਦੋਂ ਕਾਮੇਂ ਰੋਟੀ ਆਪਣੇ ਘਰੋਂ ਖਾਂਦੇ ਹਨ। ਇਨ੍ਹਾਂ ਨੂੰ ਰੋਜ਼ਾਨਾ ਦਿਹਾੜੀ 437 ਰੁਪਏ ਨਾ ਦੇ ਕਾਮਿਆਂ ਦਾ ਬਹੁਤ ਵੱਡਾ ਆਰਥਿਕ ਨੁਕਸਾਨ ਕੀਤਾ ਜਾਂਦਾ ਹੈ। ਮੇਟ ਕਾਮਿਆਂ ਨੂੰ ਦਿਹਾੜੀ 499 ਰੁਪਏ ਦੇਣ ਦੀ ਬਜਾਏ ਨਰੇਗਾ ਕਾਮਿਆਂ ਵਾਲੀ 322 ਰੁਪਏ ਦਿਹਾੜੀ ਦਿੱਤੀ ਜਾਂਦੀ ਹੈ, ਜੋ ਮੇਟ ਕਾਮਿਆਂ ਨਾਲ ਵੀ ਧੱਕਾ ਹੈ।

ਇਸ ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆ ਤੇ ਸੂਬਾ ਸਕੱਤਰ ਜਗਸੀਰ ਸਿੰਘ ਖੋਸਾ, ਏਟਕ ਦੇ ਸੂਬਾਈ ਆਗੂ ਸੁਖਦੇਵ ਸ਼ਰਮਾ, ਸੂਬਾਈ ਸੀਨੀਅਰ ਮੀਤ ਪ੍ਰਧਾਨ ਖੁਸ਼ੀਆ ਸਿੰਘ ਬਰਨਾਲਾ ਨੇ ਕਿਹਾ ਕਿ ਨਰੇਗਾ ਕਾਮੇ ਕੰਮ ਲਈ ਮਾਰੇ ਮਾਰੇ ਫਿਰ ਰਹੇ ਹਨ।ਪੰਜਾਬ ਸਰਕਾਰ ਇੱਕੀ ਲੱਖ ਰਜਿ. ਕਾਮਿਆਂ ਨੂੰ ਅਣਗੌਲਿਆ ਕਰਕੇ ਆਪਣੀ ਕਬਰ ਆਪ ਤਿਆਰ ਕਰ ਰਹੀ ਹੈ।

ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਤੇ ਬਲਾਕ ਪ੍ਰੋਗਰਾਮ ਅਫ਼ਸਰ ਨਰੇਗਾ ਕਾਮਿਆਂ ਵੱਲ ਕੋਈ ਤਵੱਜੋਂ ਨਹੀਂ ਦੇ ਰਹੇ, ਜਦੋਂ ਕਿ ਇਨ੍ਹਾਂ ਦੀ ਮੁੱਖ ਜ਼ਿੰਮੇਵਾਰੀ ਹੈ।ਸਰਕਾਰ ਤੇ ਅਫ਼ਸਰਸ਼ਾਹੀ ਨਰੇਗਾ ਕਾਮਿਆਂ ਨੂੰ ਸੰਘਰਸ਼ ਕਰਨ ਲਈ ਮਜਬੂਰ ਕਰ ਰਹੀ ਹੈ।ਇਸ ਵਰਕਸ਼ਾਪ ਨੂੰ ਜ਼ਿਲ੍ਹਾ ਪ੍ਰਧਾਨ ਲੀਗਲ ਖਾਨ ਧੂਰੀ, ਮੁਲਾਜ਼ਮ ਆਗੂ ਮੇਲਾ ਸਿੰਘ, ਪ੍ਰਦੀਪ ਕੁਮਾਰ ਚੀਮਾ, ਗਗਨਦੀਪ ਕੌਰ ਕਕਰਾਲਾ, ਦਲਜੀਤ ਕੌਰ ਕਲਹੇ ਮਾਜ਼ਰਾ, ਮਾਇਆ ਕੌਰ ਕੋਟ ਕਲਾਂ, ਮਨਦੀਪ ਕੌਰ ਨਰਮਾਣਾ, ਬਲਜੀਤ ਕੌਰ ਗਦਾਈਆ ਨੇ ਵੀ ਸੰਬੋਧਨ ਕੀਤਾ।

ਜਲ ਸਪਲਾਈ ਕਾਮਿਆਂ ਵੱਲੋਂ ਭਲਕੇ ਧਰਨੇ ਤੇ ਅਰਥੀ ਫੂਕ ਪ੍ਰਦਰਸ਼ਨ

ਜਲਾਲਾਬਾਦ (ਜੀਤ ਕੁਮਾਰ)

ਪੰਜਾਬ ਸਰਕਾਰ ਦੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਅਧੀਨ ਚੱਲ ਰਹੀਆਂ ਪੇਂਡੂ ਜਲ ਸਪਲਾਈ ਸਕੀਮਾਂ ਉਪਰ ਸਕਾਡਾ ਸਿਸਟਮ ਲਗਾ ਕੇ ਨਿੱਜੀਕਰਨ/ਪੰਚਾਇਤੀਕਰਨ ਦੀਆਂ ਨੀਤੀਆਂ ਦਾ ਪੂਰਅਮਨ ਢੰਗ ਨਾਲ ਵਿਰੋਧ ਕਰਦੇ ਠੇਕਾ ਵਰਕਰਾਂ 'ਤੇ ਝੂਠੇ ਪਰਚੇ ਦਰਜ ਕਰਵਾ ਕੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਡਵੀਜ਼ਨ ਪਠਾਨਕੋਟ ਦੀ ਸਬ ਡਵੀਜ਼ਨ ਤਾਰਾਗੜ੍ਹ ਦੇ ਐੱਸ.ਡੀ.ਓ. ਵੱਲੋਂ ਅਪਣਾਏ ਗਏ ਤਾਨਾਸ਼ਾਹੀ ਰਵੱਈਏ ਦੀ ਪੁਰਜ਼ੋਰ ਨਿਖੇਧੀ ਕਰਦਿਆਂ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਤੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ 5 ਅਗਸਤ ਨੂੰ ਸਾਰੇ ਪੰਜਾਬ ਵਿੱਚ ਡਵੀਜ਼ਨ ਤੇ ਸਬ ਡਵੀਜ਼ਨ ਦੇ ਦਫਤਰਾਂ ਅੱਗੇ ਧਰਨੇ ਦੇਣ ਉਪਰੰਤ ਉਕਤ ਐੱਸ.ਡੀ.ਓ. ਤੇ ਪੰਜਾਬ ਸਰਕਾਰ ਖਿਲਾਫ ਅਰਥੀ ਫੂਕ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਸਬੰਧੀ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਤੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੇ ਆਦੇਸ਼ਾਂ ਤਹਿਤ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਮੈਨੇਜਮੈਂਟ ਵੱਲੋਂ ਜਲ ਸਪਲਾਈ ਸਕੀਮਾਂ ਤੇ ਪ੍ਰਾਈਵੇਟ ਕੰਪਨੀਆਂ ਦੇ ਜ਼ਰੀਏ ਸਕਾਡਾ ਸਿਸਟਮ ਲਗਾ ਕੇ ਨਿੱਜੀਕਰਨ/ਪੰਚਾਇਤੀਕਰਨ ਕੀਤਾ ਜਾ ਰਿਹਾ ਹੈ, ਜਿਸ ਨਾਲ ਆਉਣ ਵਾਲੇ ਦਿਨਾਂ ਵਿੱਚ ਪੀਣ ਵਾਲੇ ਪਾਣੀ 'ਤੇ ਕਾਰਪੋਰੇਟ ਘਰਾਣਿਆਂ ਦਾ ਮੁਕੰਮਲ ਕੰਟਰੋਲ ਹੋਵੇਗਾ ਅਤੇ ਅਜਿਹੇ ਹਲਾਤਾਂ ਵਿੱਚ ਪ੍ਰਾਈਵੇਟ ਕੰਪਨੀਆਂ ਆਪਣੀ ਮਨਮਰਜ਼ੀ ਨਾਲ ਮਹਿੰਗੇ ਮੁੱਲ ਵਿੱਚ ਪਾਣੀ ਦੇਣਗੀਆਂ। ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਜ਼ਿਲ੍ਹਾ ਪਠਾਨਕੋਟ ਵੱਲੋਂ ਪਿੰਡਾਂ ਦੇ ਲੋਕਾਂ ਦੇ ਸਹਿਯੋਗ ਨਾਲ ਸਕਾਡਾ ਸਿਸਟਮ ਖਿਲਾਫ ਪੁਰਅਮਨ ਵਿਰੋਧ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ ਅਤੇ ਟੈਂਕੀਆਂ ਤੇ ਸਕਾਡਾ ਸਿਸਟਮ ਨਹੀਂ ਲੱਗਣ ਦਿੱਤਾ ਜਾ ਰਿਹਾ ਹੈ। ਇਸੇ ਕੜੀ ਤਹਿਤ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਡਵੀਜ਼ਨ ਪਠਾਨਕੋਟ ਦੇ ਅਧੀਨ ਆਉਂਦੀ ਸਬ ਡਵੀਜ਼ਨ ਤਾਰਾਗੜ੍ਹ ਦੇ ਐੱਸ.ਡੀ.ਓ. ਵੱਲੋਂ ਯੂਨੀਅਨ ਦੇ ਆਗੂਆਂ ਸਮੇਤ 25 ਵਰਕਰਾਂ 'ਤੇ ਝੂਠਾ ਪਰਚਾ ਦਰਜ ਕਰਵਾਇਆ ਗਿਆ ਹੈ। ਇਸ ਵਰਕਰ ਵਿਰੋਧੀ ਵਿਹਾਰ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਸਬ ਡਵੀਜ਼ਨ ਤਾਰਾਗੜ੍ਹ ਦੇ ਐੱਸ.ਡੀ.ਓ. ਤੇ ਪੰਜਾਬ ਸਰਕਾਰ ਦੇ ਖਿਲਾਫ 5 ਅਗਸਤ 2024 ਨੂੰ ਸਾਰੇ ਪੰਜਾਬ ਵਿੱਚ ਡਵੀਜ਼ਨ ਤੇ ਸਬ ਡਵੀਜ਼ਨ ਪੱਧਰ 'ਤੇ ਰੋਹ ਭਰਪੂਰ ਧਰਨੇ ਤੇ ਅਰਥੀ ਫੂਕ ਪ੍ਰਦਰਸ਼ਨ ਕੀਤੇ ਜਾਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬਾ ਆਗੂ ਹਾਕਮ ਸਿੰਘ ਧਨੇਠਾ, ਭੁਪਿੰਦਰ ਸਿੰਘ ਕੁਤਬੇਵਾਲ, ਰੁਪਿੰਦਰ ਸਿੰਘ, ਪ੍ਰਦੁਮਣ ਸਿੰਘ, ਜਗਰੂਪ ਸਿੰਘ, ਉਂਕਾਰ ਸਿੰਘ, ਗੁਰਵਿੰਦਰ ਸਿੰਘ, ਮਨਪ੍ਰੀਤ ਸਿੰਘ, ਤਰਜਿੰਦਰ ਸਿੰਘ, ਜਸਵੀਰ ਸਿੰਘ, ਬਲਜੀਤ ਸਿੰਘ ਭੱਟੀ, ਸੁਰਿੰਦਰ ਸਿੰਘ ਆਦਿ ਮੌਜੂਦ ਸਨ।

ਮਨਰੇਗਾ ਮਜ਼ਦੂਰਾਂ ਦਾ ਬੀ ਡੀ ਪੀ ਓ ਦਫਤਰ ਅੱਗੇ ਪੱਕਾ ਧਰਨਾ ਜਾਰੀ

ਨਾਭਾ (ਵਰਿੰਦਰ ਵਰਮਾ)-ਜੀ ਆਰ ਐੱਸ ਬੇਅੰਤ ਸਿੰਘ ਖਿਲਾਫ ਕਾਰਵਾਈ ਦੀ ਮੰਗ ਨੂੰ ਲੈ ਕੇ ਡੇਮੋਕ੍ਰੇਟਿਕ ਮਨਰੇਗਾ ਫਰੰਟ ਬਲਾਕ ਨਾਭਾ ਦੀ ਅਗਵਾਈ ਵਿੱਚ ਮਨਰੇਗਾ ਮਜ਼ਦੂਰਾਂ ਵੱਲੋਂ ਨਾਭਾ ਬੀਡੀਪੀਓ ਦਫ਼ਤਰ ਅੱਗੇ ਪੱਕਾ ਧਰਨਾ ਜਾਰੀ ਹੈ।ਮਜ਼ਦੂਰਾਂ ਮੁਤਾਬਕ ਦੋ ਸਾਲ ਤੋਂ ਉਕਤ ਜੀ ਆਰ ਐੱਸ ਖਿਲਾਫ ਸਬੂਤਾਂ ਸਮੇਤ ਸ਼ਿਕਾਇਤਾਂ ਦਿੱਤੀਆਂ ਕਿ ਕਿਸ ਤਰ੍ਹਾਂ ਕਾਨੂੰਨ ਨੂੰ ਛਿੱਕੇ ਟੰਗ ਕੇ ਨਿਯਮਾਂ ਦੀ ਪ੍ਰਵਾਹ ਕੀਤੇ ਬਿਨਾਂ ਮਜ਼ਦੂਰਾਂ ਦਾ ਸ਼ੋਸ਼ਣ ਕਰਦਾ ਹੈ ਤੇ ਹੁਣ ਉਨ੍ਹਾਂ ਦਾ ਬੇਰੁਜ਼ਗਾਰੀ ਭੱਤੇ ਦਾ ਹੱਕ ਮਾਰਨ ਦਾ ਕੰਮ ਕਰ ਰਿਹਾ ਸੀ।ਇਸ 'ਤੇ ਬੀਡੀਪੀਓ ਬਲਜੀਤ ਕੌਰ ਨੇ ਜੀ ਆਰ ਐੱਸ ਨੂੰ ਦੋ ਦਿਨ ਵਿੱਚ ਆਪਣਾ ਸਪੱਸ਼ਟੀਰਨ ਦੇਣ ਨੂੰ ਕਿਹਾ ਸੀ।ਅੱਜ ਤੀਜੇ ਦਿਨ ਬੇਅੰਤ ਸਿੰਘ ਨੇ ਆਪਣਾ ਸਪੱਸ਼ਟੀਕਰਨ ਦਰਜ ਕਰਵਾਇਆ।ਬਲਾਕ ਪ੍ਰਧਾਨ ਕੁਲਵੰਤ ਕੌਰ ਬੂਹੀ, ਸੁਖਵਿੰਦਰ ਨੌਹਰਾ, ਜਸਪ੍ਰੀਤ ਕੌਰ ਲੋਪੇ ਨੇ ਦੱਸਿਆ ਕਿ ਮਨਰੇਗਾ ਵਿੱਚ ਧਾਂਦਲੀਆਂ ਬਾਰੇ ਪ੍ਰਸ਼ਾਸਨ ਨੂੰ ਸੈਂਕੜੇ ਸ਼ਿਕਾਇਤਾਂ ਸਬੂਤਾਂ ਸਮੇਤ ਦਿੱਤੀਆਂ, ਪਰ ਹਰ ਵਾਰੀ ਬੇਅੰਤ ਸਿੰਘ ਨੂੰ ਚੇਤਾਵਨੀ ਦੇ ਕੇ ਛੱਡਿਆ ਗਿਆ।ਕੁਲਵਿੰਦਰ ਰਾਮਗੜ੍ਹ ਨੇ ਕਿਹਾ ਕਿ ਆਪਣੇ ਸੀਨੀਅਰ ਅਧਿਕਾਰੀ ਦੇ ਹੁਕਮਾਂ ਨੂੰ ਟਿੱਚ ਜਾਨਣ ਵਾਲੇ ਮੁਲਾਜ਼ਮ ਖਿਲਾਫ ਵੀ ਨਾਭਾ ਬੀਡੀਪੀਓ ਕਾਰਵਾਈ ਕਰਨ ਤੋਂ ਇਨਕਾਰੀ ਹਨ, ਇਸ ਪਿੱਛੇ ਕਾਰਨ ਸਮਝ ਨਹੀਂ ਆਏ।ਦੂਜੇ ਪਾਸੇ ਕਾਨੂੰਨ ਲਾਗੂ ਕਰਨ ਵਾਲੇ ਮੇਟ ਲਖਵੀਰ ਕੌਰ ਤੇ ਹਰਦੀਪ ਕੌਰ ਨੂੰ ਦੋਸ਼ ਸਾਬਿਤ ਕੀਤੇ ਬਿਨਾਂ ਪ੍ਰਸ਼ਾਸਨ ਨੇ ਹੀ ਗੈਰ- ਕਾਨੂੰਨੀ ਤਰੀਕੇ ਹਟਾਇਆ।ਇਸ ਮੌਕੇ ਫਰੰਟ ਦੇ ਸੂਬਾ ਆਗੂ ਕ੍ਰਿਸ਼ਨ ਲੁਬਾਣਾ, ਹਰਬੰਸ ਕੌਰ ਮੱਲੇਵਾਲ ਨੇ ਕਿਹਾ ਕਿ ਇਹ ਕੱਟੜ ਇਮਾਨਦਾਰ ਸਰਕਾਰ ਦੇ ਅਧਿਕਾਰੀ ਹਨ, ਜਿੱਥੇ ਭ੍ਰਿਸ਼ਟ ਤੇ ਹੰਕਾਰੀ ਮੁਲਾਜ਼ਮ ਕਾਨੂੰਨ ਦਾ ਨੱਕ ਕਿਸੇ ਵੀ ਤਰੀਕੇ ਮੋੜ ਕੇ ਕੰਮ ਕਰਦੇ ਹਨ।ਉਨ੍ਹਾਂ ਕਿਹਾ ਕਿ ਮਨਰੇਗਾ ਮਜ਼ਦੂਰਾਂ ਦੀਆਂ ਕਾਨੂੰਨ ਲਾਗੂ ਕਰਾਉਣ ਦੀਆਂ ਮੰਗਾਂ 'ਤੇ ਅਜੇ ਗੱਲਬਾਤ ਬਾਕੀ ਹੈ।ਪੰਜ ਪਿੰਡਾਂ ਵਿੱਚੋਂ ਪਹੁੰਚੇ ਮਨਰੇਗਾ ਮਜ਼ਦੂਰਾਂ ਨੇ ਪੰਜਾਬ ਸਰਕਾਰ ਖ਼ਿਲਾਫ਼ ਅੱਜ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕੇਵਲ ਕੋਟ, ਬਲਵੀਰ ਕੌਰ ਨੌਹਰਾ ਆਦਿ ਨੇ ਸਰਗਰਮ ਸ਼ਮੂਲੀਅਤ ਕੀਤੀ।

ਕਾਤਰਾਂ

ਸੜਕ ਹਾਦਸੇ 'ਚ ਮੌਤ

ਪਟਿਆਲਾ (ਰਾਜਿੰਦਰ ਬਿੰਦ)-ਥਾਣਾ ਸਿਵਲ ਲਾਈਨ ਪਟਿਆਲਾ ਪੁਲਸ ਨੇ ਸ਼ਿਕਾਇਤਕਰਤਾ ਸੰਜੇ ਸਿੰਘ ਪੁੱਤਰ ਹਰਦਵਾਰੀ ਸਿੰਘ ਵਾਸੀ ਕ੍ਰਿਸ਼ਨਾ ਕਾਲੋਨੀ ਪਟਿਆਲਾ ਦੀ ਸ਼ਿਕਾਇਤ ਦੇ ਆਧਾਰ 'ਤੇ ਧਾਰਾ 281, 106 (1), 324 (4) ਬੀ. ਐੱਨ. ਐੱਸ. ਤਹਿਤ ਕੇਸ ਦਰਜ ਕੀਤਾ ਹੈ। ਪੁਲਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਸੰਜੇ ਨੇ ਦੱਸਿਆ ਕਿ 1 ਅਗਸਤ ਨੂੰ ਉਸ ਦੇ ਪਿਤਾ ਸਕੂਟਰੀ 'ਤੇ ਸਵਾਰ ਹੋ ਕੇ ਪਾਸੀ ਰੋਡ ਪਟਿਆਲਾ ਕੋਲ ਜਾ ਰਹੇ ਸਨ ਕਿ ਅਣਪਛਾਤੇ ਮੋਟਰਸਾਈਕਲ ਚਾਲਕ ਨੇ ਆਪਣਾ ਮੋਟਰਸਾਈਕਲ ਤੇਜ਼ ਰਫ਼ਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੇ ਪਿਤਾ ਵਿੱਚ ਮਾਰਿਆ, ਜਿਸ ਕਾਰਨ ਵਾਪਰੇ ਸੜਕੀ ਹਾਦਸੇ ਵਿੱਚ ਉਸ ਦੇ ਪਿਤਾ ਦੀ ਇਲਾਜ ਦੌਰਾਨ ਮੌਤ ਹੋ ਗਈ।

ਅੱਜ ਬਿਜਲੀ ਬੰਦ ਰਹੇਗੀ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਪਾਵਰਕਾਮ ਸ਼ਹਿਰੀ ਉਪ ਮੰਡਲ ਧੂਰੀ ਦੇ ਐੱਸ.ਡੀ.ਓ ਗੁਰਦੀਪਇੰਦਰ ਸਿੰਘ ਨੇ ਦੱਸਿਆ ਕਿ 11 ਕੇ.ਵੇ. ਮਾਲੇਰਕੋਟਲਾ ਰੋਡ ਫੀਡਰ ਅਤੇ ਗਊਸ਼ਾਲਾ ਫੀਡਰ ਦੀ ਜ਼ਰੂਰੀ ਮੁਰੰਮਤ ਕਾਰਨ 4 ਅਗਸਤ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਬਿਜਲੀ ਸਪਲਾਈ ਬੰਦ ਰਹੇਗੀ, ਜਿਸ ਕਾਰਨ ਗਊਸ਼ਾਲਾ ਰੋਡ, ਰਜਵਾਹਾ ਰੋਡ, ਰਾਮ ਸ਼ਰਣਮ ਮੋਦਰ ਦੇ ਨੇੜੇ, ਮਹਾਂਵੀਰ ਮੰਦਰ ਰੋਡ, ਜਨਤਾ ਨਗਰ, ਬਾਗੜ੍ਹੀਆ ਰੋਡ, ਐਮ.ਕੇ. ਰੋਡ ਇੰਡਸਟਰੀ ਏਰੀਏ, ਸ਼ਿਵਪੁਰੀ ਮੁਹੱਲਾ ਦੀ ਬਿਜਲੀ ਸਪਲਾਈ ਬੰਦ ਰਹੇਗੀ।ਉਨ੍ਹਾਂ ਹੋਰ ਦੱਸਿਆ ਕਿ 4 ਅਗਸਤ ਦਿਨ ਐਤਵਾਰ ਨੂੰ ਪੁਰਾਣੀ ਦਾਣਾ ਮੰਡੀ ਧੂਰੀ ਵਿਖੇ ਸਥਿਤ ਕੰਪਲੇਟ ਸੈਂਟਰ ਨੂੰ ਢਾਹੁਣ ਕਰਕੇ 200 ਕੇ.ਵੀ. ਸੈਂਟਰ ਵਾਲੇ ਟਰਾਂਸਫਾਰਮਰ ਤੋਂ ਬਿਜਲੀ ਸਪਲਾਈ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਰਹੇਗੀ, ਜਿਸ ਕਾਰਨ ਰੇਲਵੇ ਰੋਡ, ਥਾਣਾ ਸਿਟੀ ਏਰੀਆ ਅਤੇ ਲਾਗਲੇ ਮੁਹੱਲਿਆਂ ਦੀ ਬਿਜਲੀ ਸਪਲਾਈ ਬੰਦ ਰਹੇਗੀ।

ਨਤੀਜਾ ਸ਼ਾਨਦਾਰ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨ ਕੀਤੇ ਬੀ.ਕਾਮ ਸਮੈਸਟਰ ਛੇਵਾਂ ਦੇ ਨਤੀਜੇ ਵਿੱਚ ਯੂਨੀਵਰਸਿਟੀ ਕਾਲਜ ਬੇਨੜਾ ਦੇ ਵਿਦਿਆਰਥੀਆਂ ਨੇ ਪ੍ਰਸੰਸਾਯੋਗ ਅੰਕ ਹਾਸਲ ਕੀਤੇ ਹਨ। ਵਿਭਾਗ ਦੇ ਕੋਆਰਡੀਨੇਟਰ ਡਾ. ਹਰਵਿੰਦਰ ਸਿੰਘ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਕਿਹਾ ਕਿ ਕਾਲਜ ਵਿੱਚੋਂ ਦਮਨਪ੍ਰੀਤ ਨੇ 92, ਵਿਸ਼ਾਲ ਗਰਗ ਨੇ 89.81 ਅਤੇ ਇਸ਼ਿਤਾ ਨੇ 88.5 ਪ੍ਰਤੀਸ਼ਤ ਅੰਕ ਹਾਸਲ ਕਰਕੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ ਹੈ। ਕਾਲਜ ਪ੍ਰਿੰਸੀਪਲ ਡਾ. ਪਰਮਜੀਤ ਕੌਰ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਉਨ੍ਹਾਂ ਦੇ ਚੰਗੇਰੇ ਭਵਿੱਖ ਦੀ ਕਾਮਨਾ ਕੀਤੀ ਅਤੇ ਛੇਵੇਂ ਸਮੈਸਟਰ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਵੀ ਪ੍ਰਸੰਸਾ ਕੀਤੀ।

ਕਾਂਵੜੀਆਂ ਨੇ ਪਵਿੱਤਰ ਜਲ ਸ਼ਿਵਲਿੰਗ 'ਤੇ ਕੀਤਾ ਅਰਪਣ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਸ੍ਰੀ ਨੀਲਕੰਠ ਮਹਾਦੇਵ ਕਾਂਵੜ ਸੰਘ ਦੇ ਪ੍ਰਧਾਨ ਦੀਪਕ ਗਰਗ, ਜਨਰਲ ਸਕੱਤਰ ਦਵਿੰਦਰ ਕੁਮਾਰ ਗੁਪਤਾ ਅਤੇ ਕੈਸ਼ੀਅਰ ਰਮਨ ਜਿੰਦਲ ਦੀ ਅਗਵਾਈ ਹੇਠ ਕਾਂਵੜੀਆਂ ਦੇ ਜਥੇ ਨੇ ਸ੍ਰੀ ਹਰਿਦੁਆਰ ਤੋਂ ਪਵਿੱਤਰ ਜਲ ਲਿਆ ਕੇ ਪ੍ਰਾਚੀਨ ਮਹਾਵੀਰ ਮੰਦਰ ਧੂਰੀ ਵਿਖੇ ਜਲਾਭਿਸ਼ੇਕ ਹਿੰਦੂ ਧਰਮ ਦੇ ਰੀਤੀ ਰਿਵਾਜ ਅਨੁਸਾਰ ਕੀਤਾ ਗਿਆ। ਇਸ ਮੌਕੇ ਸਾਰੇ ਕਾਂਵੜੀਏ ਮੁਕੇਸ਼ ਕੁਮਾਰ, ਪ੍ਰਦੀਪ ਸ਼ਰਮਾ, ਪੰਕਜ ਧੀਰ, ਰਿੰਕੀ, ਰਾਹੁਲ ਗਰਗ, ਕੇਸ਼ਵ ਗਰਗ, ਜਤਿਨ ਗਰਗ, ਕੁਨਾਲ ਸਿੰਗਲਾ, ਮੋਹਿਤ ਗਰਗ, ਮਨੀਸ਼ ਸਰਮਾ, ਅਮਿਤ ਸ਼ਰਮਾ, ਬੰਟੀ, ਸੋਨੂ ਆਪਣੇ ਪਰਵਾਰਾਂ ਸਮੇਤ ਹਾਜ਼ਰ ਰਹੇ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ

page-6-4-Aug.-2024-(SM).qxd 8/3/2024 10:47 PM Page 1

ਆਬਕਾਰੀ ਵਿਭਾਗ ਵੱਲੋਂ 150 ਲੀਟਰ ਲਾਹਣ ਤੇ 15 ਲੀਟਰ ਕੱਚੀ ਸ਼ਰਾਬ ਨਸ਼ਟ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਿਲਾਫ ਵਿੱਢੀ ਮੁਹਿੰਮ ਦੇ ਤਹਿਤ ਅੱਜ ਐਕਸਾਈਜ਼ ਵਿਭਾਗ ਦੇ ਇੰਸਪੈਕਟਰ ਵਿਜੇ ਕੁਮਾਰ ਅਤੇ ਸਰਕਲ ਇੰਚਾਰਜ ਦੇ ਜਨਰਲ ਮੈਨੇਜਰ ਬਿਕਰਮਜੀਤ ਸਿੰਘ ਦੀ ਅਗਵਾਈ ਹੇਠ ਐਕਸਾਈਜ਼ ਪਾਰਟੀ ਵੱਲੋਂ ਡੇਰਾ ਬਾਬਾ ਨਾਨਕ ਦੇ ਸਰਹੱਦੀ ਖੇਤਰ ਦੇ ਵੱਖ-ਵੱਖ ਪਿੰਡ ਸ਼ਾਹਪੁਰ ਜਾਜਨ, ਨਿਕੋਸਰਾਂ, ਤਲਵੰਡੀ ਰਾਮਾ, ਵਿਰਾਨ ਕੋਟਲੀ, ਟਰਪੱਲਾ, ਉਦੋਵਾਲੀ ਕਲਾਂ, ਕਠਿਆਲਾ ਆਦਿ ਸੱਕੀ ਘਰਾਂ ਅਤੇ ਲਾਵਾਰਸ ਥਾਵਾਂ 'ਤੇ ਸਰਚ ਅਭਿਆਨ ਚਲਾਇਆ ਗਿਆ ਜਿਸ ਦੌਰਾਨ ਲਾਵਾਰਸ ਥਾਵਾਂ ਤੋਂ ਕਰੀਬ 150 ਲੀਟਰ ਲਾਹਣ ਅਤੇ ਕਰੀਬ 15 ਲੀਟਰ ਕੱਚੀ ਸ਼ਰਾਬ ਬਰਾਮਦ ਕੀਤੀ ਗਈ ਜਿਸ ਨੂੰ ਮੌਕੇ 'ਤੇ ਨਸ਼ਟ ਕੀਤਾ ਗਿਆ।

ਇਸ ਮੌਕੇ ਗੱਲਬਾਤ ਦੌਰਾਨ ਆਬਕਾਰੀ ਵਿਭਾਗ ਦੇ ਇੰਸਪੈਕਟਰ ਵਿਜੇ ਕੁਮਾਰ ਨੇ ਦੱਸਿਆ ਕਿ ਸੂਬੇ ਵਿੱਚ ਅਲਕੋਹਲ ਤੋਂ ਬਣੀ ਕੱਚੀ ਸ਼ਰਾਬ ਨਾਲ ਪਿਛਲੇ ਸਮੇਂ ਦੌਰਾਨ ਅਨੇਕਾਂ ਮੌਤਾਂ ਹੋ ਚੁੱਕੀਆਂ ਹਨ ਜਿਸ ਦੇ ਮੱਦੇਨਜ਼ਰ ਪੰਜਾਬ ਸਰਕਾਰ ਵੱਲੋਂ ਦਿੱਤੇ ਗਏ ਸਖਤ ਨਿਰਦੇਸ਼ਾਂ ਉਪਰ ਨਸ਼ੇ ਦੇ ਕਾਰੋਬਾਰੀਆਂ ਨੂੰ ਠੱਲ੍ਹ ਪਾਉਣ ਲਈ ਹਲਕਾ ਡੇਰਾ ਬਾਬਾ ਨਾਨਕ ਦੇ ਸਰਹੱਦੀ ਖੇਤਰ ਅੰਦਰ ਐਕਸਾਈਜ਼ ਪਾਰਟੀ ਨਾਲ ਮਿਲ ਕੇ ਸ਼ੱਕੀ ਘਰਾਂ ਅਤੇ ਲਾਵਾਰਸ ਥਾਵਾਂ ਤੇ ਸਰਚ ਅਭਿਆਨ ਚਲਾਇਆ ਗਿਆ ਜਿਸ ਦੌਰਾਨ ਲਾਵਾਰਸ ਥਾਵਾਂ ਤੋਂ ਕਰੀਬ 150 ਲੀਟਰ ਲਾਹਣ ਅਤੇ ਕਰੀਬ 15 ਲੀਟਰ ਦੇਸੀ ਕੱਚੀ ਸ਼ਰਾਬ ਬਰਾਮਦ ਕੀਤੀ ਗਈ ਜਿਸ ਨੂੰ ਮੌਕੇ 'ਤੇ ਨਸ਼ਟ ਕੀਤਾ ਗਿਆ ਹੈ।ਇਸ ਮੌਕੇ ਆਬਕਾਰੀ ਵਿਭਾਗ ਦੇ ਇੰਸਪੈਕਟਰ ਵਿਜੇ ਕੁਮਾਰ ਨੇ ਨਜਾਇਜ਼ ਨਸ਼ੇ ਦੇ ਕਾਰੋਬਾਰੀਆਂ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਉਹ ਨਸ਼ੇ ਦੇ ਨਜਾਇਜ਼ ਕਾਰੋਬਾਰ ਛੱਡ ਕੇ ਸਿੱਧੇ ਰਸਤੇ 'ਤੇ ਆ ਜਾਣ ਨਹੀਂ ਤਾਂ ਕਾਨੂੰਨ ਅਨੁਸਾਰ ਉਨ੍ਹਾਂ ਉਪਰ ਬਣਦੀ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਇਸ ਮੌਕੇ ਇੰਸਪੈਕਟਰ ਵਿਜੇ ਕੁਮਾਰ, ਜੀਐੱਮ ਬਿਕਰਮਜੀਤ ਸਿੰਘ, ਮਨਜਿੰਦਰ ਸਿੰਘ, ਮੀਤਾ, ਘੋੜਾ, ਗੁਰਪ੍ਰੀਤ ਸਿੰਘ, ਦਵਿੰਦਰ ਸਿੰਘ ਆਦਿ ਹਾਜ਼ਰ ਸਨ।

ਕਾਰੋਬਾਰੀ ਨੇ ਖੁਦ ਨੂੰ ਮਾਰੀ ਗੋਲੀ

ਜਲੰਧਰ (ਸੁਰਿੰਦਰ ਕੁਮਾਰ) ਸਥਾਨਕ ਪਾਸ਼ ਇਲਾਕੇ ਜਵਾਹਰ ਨਗਰ 'ਚ ਇਕ ਕਾਰੋਬਾਰੀ ਨੇ ਖੁਦ ਨੂੰ ਗੋਲੀ ਮਾਰ ਲਈ। ਲੋਕਾਂ ਨੇ ਤੁਰੰਤ ਖੂਨ ਨਾਲ ਲੱਥਪੱਥ ਵਿਅਕਤੀ ਨੂੰ ਨਿੱਜੀ ਹਸਪਤਾਲ ਦਾਖਲ ਕਰਵਾਇਆ।ਜ਼ਖਮੀ ਵਿਅਕਤੀ ਦੀ ਰੈਨਕ ਬਜ਼ਾਰ ਵਿੱਚ ਮਨਿਆਰੀ ਦੀ ਦੁਕਾਨ ਹੈ। ਜ਼ਖ਼ਮੀ ਵਪਾਰੀ ਦੇ ਸਿਰ ਵਿੱਚ ਗੋਲੀ ਲੱਗੀ ਹੈ, ਜਿਸ ਦਾ ਨਾਂਅ ਮਾਨਵ ਖੁਰਾਨਾ ਹੈ।ਉਸ ਦੀ ਉਮਰ 44 ਸਾਲ ਦੇ ਕਰੀਬ ਹੈ। ਇਲਾਕਾ ਪੁਲਸ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ।ਮਾਨਵ ਦੀ ਹਾਲਤ ਸਥਿਰ ਹੋਣ ਤੋਂ ਬਾਅਦ ਪੁਲਸ ਉਸ ਦੇ ਬਿਆਨ ਦਰਜ ਕਰੇਗੀ। ਮਾਨਵ ਦੇ ਪਰਵਾਰ ਵਿਚ ਪਤਨੀ, ਇੱਕ ਪੁੱਤਰ ਅਤੇ ਇੱਕ ਧੀ ਹੈ।ਸੂਤਰਾਂ ਮੁਤਾਬਕ ਮਾਨਵ ਦਾ ਆਪਣੇ ਪਿਤਾ ਨਾਲ ਕਾਫੀ ਝਗੜਾ ਰਹਿੰਦਾ ਸੀ ਅਤੇ ਅੱਜ ਸਵੇਰੇ ਵੀ ਉਸ ਦੀ ਆਪਣੇ ਪਿਤਾ ਨਾਲ ਕਿਸੇ ਗੱਲ ਨੂੰ ਲੈ ਕੇ ਕਾਫੀ ਬਹਿਸ ਹੋਈ।ਇਸ ਤੋਂ ਬਾਅਦ ਹੀ ਮਾਨਵ ਨੇ ਇਹ ਕਦਮ ਚੁੱਕਿਆ। ਇਸ ਘਟਨਾ ਤੋਂ ਬਾਅਦ ਪੁਲਸ ਪਰਵਾਰਕ ਮੈਂਬਰਾਂ ਤੋਂ ਵੀ ਪੁੱਛਗਿੱਛ ਕਰ ਰਹੀ ਹੈ ਤਾਂ ਜੋ ਗੋਲੀ ਚਲਾਉਣ ਦੇ ਅਸਲ ਕਾਰਨਾਂ ਦਾ ਪਤਾ ਲੱਗ ਸਕੇ।

ਵਿਦਿਆਰਥੀਆਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕੀਤਾ

ਬੁਲੋਵਾਲ (ਵਿਰਦੀ)-ਜ਼ਿਲ੍ਹਾ ਪਲਿਸ ਮੁਖੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਮੁੱਖ ਥਾਣਾ ਅਫਸਰ ਬੁੱਲੋਵਾਲ ਅਮਨਦੀਪ ਨਾਹਰ ਦੀ ਅਗਵਾਈ ਵਿੱਚ ਸਰਕਾਰੀ ਹਾਈ ਸਕੂਲ ਨੰਦਾਚੌਰ ਦੇ ਵਿਦਿਆਰਥੀਆਂ ਨੂੰ ਨਸ਼ਿਆਂ ਟਰੈਫਿਕ ਅਤੇ ਸਾਈਬਰ ਕ੍ਰਾਈਮ ਪ੍ਰਤੀ ਜਾਗਰੂਕ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਮੁੱਖ ਥਾਣਾ ਅਫਸਰ ਬੁੱਲੋਵਾਲ ਅਮਨਦੀਪ ਨਾਹਰ ਨੇ ਕਿਹਾ ਕਿ ਅਸੀਂ ਸਮਾਜ ਦੇ ਸਹਿਯੋਗ ਦੇ ਨਾਲ ਹੀ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਦੇ ਵਿੱਚੋਂ ਬਾਹਰ ਕੱਢ ਸਕਦੇ ਹਾਂ ਉਹਨਾਂ ਕਿਹਾ ਕਿ ਜੇਕਰ ਤੁਹਾਡੇ ਆਸ ਪਾਸ ਵਿੱਚ ਕੋਈ ਵੀ ਵਿਅਕਤੀ ਨਸ਼ਾ ਕਰਦਾ ਹੈ ਤਾਂ ਇਸ ਦੀ ਸੂਚਨਾ ਪੁਲਸ ਨੂੰ ਦਿਓ ਅਤੇ ਅਸੀਂ ਉਸ ਨੂੰ ਨਸ਼ਾ ਛੁਡਾਊ ਕੇਂਦਰ ਵਿੱਚ ਭਰਤੀ ਕਰਵਾ ਕੇ ਉਸ ਦਾ ਨਸ਼ਾ ਬੰਦ ਕਰਵਾ ਸਕਾਂਗੇ ਤੇ ਸੂਚਨਾ ਦੇਣ ਵਾਲੇ ਦਾ ਨਾਂਅ ਵੀ ਗੁਪਤ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਜ਼ਿੰਮੇਵਾਰ ਵਿਆਕਤੀਆਂ ਦੀਆਂ ਵਿਲੇਜ ਡਿਫੈਂਸ ਕਮੇਟੀਆ ਬਣਾਈਆਂ ਜਾ ਰਹੀਆਂ ਹਨ ਜਿਨ੍ਹਾਂ ਦਾ ਹਰ ਸਮੇਂ ਪੁਲਸ ਨਾਲ ਸਿੱਧਾ ਸੰਪਰਕ ਰਹੇਗਾ। ਟਰੈਫਿਕ ਦੇ ਨਿਯਮਾਂ ਸਬੰਧੀ ਦੱਸਦੇ ਉਹਨਾਂ ਵਿਦਿਆਰਥੀਆਂ ਨੂੰ ਗਿਆ ਕਿ 18 ਸਾਲ ਤੋਂ ਘੱਟ ਦੀ ਉਮਰ ਦਾ ਕੋਈ ਵੀ ਵਿਅਕਤੀ ਜੇਕਰ ਦੁਪਈਆ ਵਾਹਨ ਚਲਾਏਗਾ ਤਾਂ ਉਸਨੂੰ 25 ਹਜਾਰ ਤੱਕ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ ਤੇ ਉਹਨਾਂ ਬੱਚਿਆਂ ਦੇ ਮਾਪਿਆਂ ਜਾਂ ਵਾਹਨ ਚਾਲਕ ਦੇ ਮਾਲਕ ਨੂੰ ਸਜ਼ਾ ਵੀ ਹੋ ਸਕਦੀ ਹੈ। ਇਸ ਤੋਂ ਇਲਾਵਾ ਉਹਨਾਂ ਵਿਦਿਆਰਥੀਆਂ ਨੂੰ ਸਾਈਬਰ ਕ੍ਰਾਈਮ ਬਾਰੇ ਵੀ ਜਾਗਰੂਕ ਕੀਤਾ। ਇਸ ਮੌਕੇ ਏ ਐਸ ਆਈ ਕੁਲਵਿੰਦਰ ਸਿੰਘ ਤੇ ਸਕੂਲ ਦਾ ਸਟਾਫ਼ ਵੀ ਹਾਜ਼ਰ ਸੀ।

ਖਾਲਸਾ ਕਾਲਜ ਗੁਰਦਾਸ ਨੰਗਲ ਵਿਖੇ ਸੱਭਿਆਚਾਰਕ ਪ੍ਰੋਗਰਾਮ ਦੀਆਂ ਪਈਆਂ ਧਮਾਲਾਂ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਵਿੱਦਿਆ ਸਕੱਤਰ ਸੁਖਮਿੰਦਰ ਸਿੰਘ ਦੀ ਸਰਪ੍ਰਸਤੀ ਹੇਠ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਪ੍ਰਿੰ. ਡਾ. ਗੁਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ ਹੇਠ ਕਾਲਜ ਵਿੱਚ ਸਾਵਣ ਮਹੀਨੇ ਦੇ ਵਿਰਾਸ਼ਤੀ ਪੱਖਾਂ ਅਤੇ ਕਲਾ ਕ੍ਰਿਤੀਆਂ ਬਾਰੇ ਜਾਗਰੂਕਤਾ ਭਰਪੂਰ ਸੱਭਿਆਚਾਰਕ ਪ੍ਰੋਗਰਾਮ (ਮੇਲਾ ਧੀਆਂ ਦਾ) ਕਰਵਾਇਆ। ਪ੍ਰੋਗਰਾਮ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਵਿਦਿਆਰਥੀਆਂ ਨੂੰ ਆਪਣੇ ਅਮੀਰ ਸੱਭਿਆਚਾਰ ਅਤੇ ਵਿਰਸੇ ਨਾਲ ਜੋੜੀ ਰੱਖਣ ਲਈ ਸੁਹਾਗ, ਘੋੜੀਆਂ, ਲੋਕ ਗੀਤ, ਲੋਕ ਨਾਚ, ਭਾਸ਼ਣ ਮੁਕਾਬਲੇ ਅਤੇ ਕਵਿਤਾ ਉਚਾਰਨ ਮੁਕਾਬਲਿਆਂ ਤੋਂ ਇਲਾਵਾ ਮਹਿੰਦੀ ਮੁਕਾਬਲਾ, ਸੇਵੀਆਂ ਵੱਟਣ, ਮੀਡੀਆਂ ਗੁੰਦਣ ਅਤੇ ਕਿੱਕਲੀ ਆਦਿ ਮੁਕਾਬਲੇ ਵੀ ਕਰਵਾਏ ਗਏ। ਪ੍ਰੋਗਰਾਮ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਬੀਬੀ ਜਸਬੀਰ ਕੌਰ ਜਫ਼ਰਵਾਲ ਨੇ ਮੁੱਖ ਮਹਿਮਾਨ ਅਤੇ ਥਾਣਾ ਧਾਰੀਵਾਲ ਦੇ ਐਸਐਚਓ ਇੰਸਪੈਕਟਰ ਬਲਜੀਤ ਕੌਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕਾਲਜ ਪ੍ਰਿੰ. ਡਾ. ਗੁਰਜੀਤ ਸਿੰਘ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਆਪਣੇ ਕੀਮਤੀ ਸਮੇਂ ਵਿੱਚੋਂ ਸਮਾਂ ਕੱਢਣ ਲਈ ਧੰਨਵਾਦ ਵੀ ਕੀਤਾ। ਉਨ੍ਹਾਂ ਨੇ ਅਜਿਹੇ ਸੱਭਿਆਚਾਰਕ ਪ੍ਰੋਗਰਾਮਾਂ ਨੂੰ ਵਿਦਿਅਕ ਸੰਸਥਾਵਾਂ ਦੀ ਜਿੰਦ-ਜਾਨ ਕਰਾਰ ਦਿੰਦਿਆਂ ਇਨ੍ਹਾਂ ਨੂੰ ਸਮੇਂ ਦੀ ਮੁੱਖ ਲੋੜ ਦੱਸਿਆ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਵਿੱਚ ਛੁਪੀ ਹੋਈ ਕਲਾ ਨੂੰ ਪਛਾਨਣਾ ਅਤੇ ਤਰਾਸ਼ਣਾ ਹਰ ਵਿੱਦਿਅਕ ਸੰਸਥਾ ਦਾ ਪਰਮ-ਧਰਮ ਹੈ। ਮੁੱਖ ਮਹਿਮਾਨ ਐੱਸ. ਐੱਚ. ਓ. ਬਲਜੀਤ ਕੌਰ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਉਹਨਾਂ ਦੇ ਹੁਨਰ ਦੀ ਸ਼ਲਾਘਾ ਕੀਤੀ ਅਤੇ ਪੜ੍ਹ-ਲਿਖ ਕੇ ਜ਼ਿੰਦਗੀ ਵਿੱਚ ਉੱਚੇ ਮੁਕਾਮ ਹਾਸਲ ਕਰਨ ਦੀ ਗੱਲ ਵੀ ਆਖੀ। ਸੱਭਿਆਚਾਰਕ ਪ੍ਰੋਗਰਾਮ ਵਿੱਚ ਕਰਵਾਏ ਗਏ ਲੋਕ ਗੀਤ ਮੁਕਾਬਲੇ ਵਿੱਚੋਂ ਮਨਪ੍ਰੀਤ ਕੌਰ ਅਤੇ ਮੁਸਕਾਨ, ਲੋਕ ਨਾਚ (ਸੋਲੋ) ਵਿੱਚੋਂ ਗੁਰਪਿੰਦਰ ਕੌਰ, ਲੋਕ ਨਾਚ (ਸਮੂਹਿਕ) ਵਿੱਚੋਂ ਜੈਸਮੀਨ ਕੌਰ ਅਤੇ ਸਾਥਣਾਂ, ਭਾਸ਼ਣ ਮੁਕਾਬਲੇ ਵਿੱਚੋਂ ਜੈਸਮੀਨ ਕੌਰ, ਕਵਿਤਾ ਉਚਾਰਨ ਮੁਕਾਬਲੇ ਵਿੱਚੋਂ ਮਨਪ੍ਰੀਤ ਕੌਰ ਨੇ ਪਹਿਲਾ ਸਥਾਨ ਹਾਸਲ ਕੀਤਾ। ਕਾਲਜ ਦੀਆਂ ਹੋਣਹਾਰ ਵਿਦਿਆਰਥਣਾਂ ਵਿੱਚੋਂ ਮਨਪ੍ਰੀਤ ਕੌਰ ਨੂੰ 'ਮਿਸ ਪੰਜਾਬਣ', ਜੈਸਮੀਨ ਕੌਰ ਨੂੰ 'ਸੁਨੱਖੀ ਮੁਟਿਆਰ', ਗੁਰਪਿੰਦਰ ਕੌਰ ਨੂੰ 'ਗਿੱਧਿਆਂ ਦੀ ਰਾਣੀ', ਸਪਨਾ ਨੂੰ 'ਸੱਭਿਆਚਾਰਕ ਪਹਿਰਾਵਾ' ਅਤੇ ਮੁਸ਼ਕਾਨ ਨੂੰ 'ਮਨਮੋਹਣਾ ਹਾਸਾ' ਟਾਈਟਲ ਦੇ ਕੇ ਨਿਵਾਜਿਆ ਗਿਆ। ਪ੍ਰੋਗਰਾਮ ਦੀ ਸੰਪੰਨਤਾ ਤੇ ਪ੍ਰਿੰ. ਡਾ. ਗੁਰਜੀਤ ਸਿੰਘ ਅਤੇ ਮਹਿਮਾਨਾਂ ਵੱਲੋਂ ਜੇਤੂ ਵਿਦਿਆਰਥਣਾਂ ਨੂੰ ਸਨਮਾਨਿਤ ਕੀਤਾ ਗਿਆ। ਕਾਲਜ ਪ੍ਰਿੰ. ਡਾ.ਗੁਰਜੀਤ ਸਿੰਘ ਨੇ ਇਸ ਮੌਕੇ ਪਹੁੰਚੇ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ। ਇਸ ਮੌਕੇ ਕਾਲਜ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

ਸੁਰੱਖਿਆ ਦੇ ਮੱਦੇਨਜ਼ਰ ਪੁਲਸ ਨੇ ਵੱਖ-ਵੱਖ ਕਸਬਿਆਂ 'ਚ ਕੱਢਿਆ ਫਲੈਗ ਮਾਰਚ

ਸ੍ਰੀ ਗੋਇੰਦਵਾਲ ਸਾਹਿਬ, (ਕਾਬਲ ਸਿੰਘ ਮੱਲ੍ਹੀ)-ਜ਼ਿਲ੍ਹਾ ਪੁਲਸ ਮੁਖੀ ਦੇ ਹੁਕਮਾਂ ਅਨੁਸਾਰ ਥਾਣਾ ਗੋਇੰਦਵਾਲ ਸਾਹਿਬ ਦੀ ਪੁਲਸ ਵੱਲੋਂ ਡੀਐੱਸਪੀ ਰਵੀਸ਼ੇਰ ਸਿੰਘ ਦੀ ਅਗਵਾਈ ਵਿੱਚ ਕਸਬਾ ਗੋਇੰਦਵਾਲ ਸਾਹਿਬ, ਫਤਿਆਬਾਦ, ਖਡੂਰ ਸਾਹਿਬ ਆਦਿ ਵਿੱਚ ਅਮਨ ਕਾਨੂੰਨ ਦੀ ਸਥਿਤੀ ਨੂੰ ਬਹਾਲ ਰੱਖਣ ਲਈ ਫਲੈਗ ਮਾਰਚ ਕੱਢਿਆ ਗਿਆ।ਇਸ ਫਲੈਗ ਮਾਰਚ ਵਿੱਚ ਐੱਸਐੱਚਓ ਗੁਰਿੰਦਰ ਸਿੰਘ ਤੋਂ ਇਲਾਵਾ ਵੱਖ-ਵੱਖ ਚੌਕੀਆਂ ਦੀ ਪੁਲਸ ਫੋਰਸ ਸ਼ਾਮਲ ਸੀ।ਇਸ ਫਲੈਗ ਮਾਰਚ ਦੌਰਾਨ ਭਾਰੀ ਪੁਲਸ ਫੋਰਸ ਵੱਲੋਂ ਗਸ਼ਤ ਕੀਤੀ ਗਈ।ਐੱਸਐੱਚਓ ਗੁਰਿੰਦਰ ਸਿੰਘ ਨੇ ਆਖਿਆ ਕਿ ਫਲੈਗ ਮਾਰਚ ਦਾ ਮੁੱਖ ਮਕਸਦ ਇਲਾਕੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਬਹਾਲ ਰੱਖਣਾ ਹੈ।ਉਨ੍ਹਾਂ ਆਖਿਆ ਕਿ ਇਲਾਕੇ ਵਿੱਚ ਸ਼ਰਾਰਤੀ ਅਨਸਰਾਂ 'ਤੇ ਬਾਜ਼ ਅੱਖ ਰੱਖੀ ਜਾਵੇਗੀ, ਕਿਸੇ ਸ਼ਰਾਰਤੀ ਅਨਸਰ ਨੂੰ ਮਾਹੌਲ ਖਰਾਬ ਕਰਨ ਨਹੀਂ ਦਿੱਤਾ ਜਾਵੇਗਾ।ਐੱਸ ਐੱਚ ਓ ਨੇ ਮੋਟਰਸਾਈਕਲਾਂ 'ਤੇ ਦਨਦਨਾਉਂਦੇ ਹੁੱਲੜਬਾਜ਼ਾ ਨੂੰ ਸਖ਼ਤ ਲਹਿਜੇ ਵਿੱਚ ਤਾੜਨਾ ਕਰਦਿਆਂ ਆਖਿਆ ਕਿ ਉਹ ਆਪਣੀਆਂ ਹਰਕਤਾਂ ਤੋਂ ਬਾਜ਼ ਆਉਣ ਨਹੀਂ ਤਾਂ ਸਖ਼ਤ ਕਾਨੂੰਨੀ ਕਾਰਵਾਈ ਤੋਂ ਲਿਹਾਜ਼ ਨਹੀ ਹੋਵੇਗਾ।ਉਥੇ ਹੀ ਇਲਾਕੇ ਵਿੱਚ ਨਸ਼ਿਆਂ ਨੂੰ ਬੜ੍ਹਾਵਾ ਦੇਣ ਵਾਲਿਆਂ 'ਤੇ ਸਖ਼ਤ ਤੋਂ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਇਸ ਫਲੈਗ ਮਾਰਚ ਦੀ ਅਗਵਾਈ ਕਰ ਰਹੇ ਡੀਐੱਸਪੀ ਰਵੀਸ਼ੇਰ ਸਿੰਘ ਨੇ ਆਖਿਆ ਕਿ ਪੁਲਸ ਪ੍ਰਸ਼ਾਸਨ ਲੋਕਾਂ ਦੀ ਸੇਵਾ ਵਿੱਚ ਹਰ ਵਕਤ ਤੱਤਪਰ ਹੈ।

ਐੱਸ ਜੀ ਪੀ ਸੀ ਦੀਆਂ ਵੋਟਾਂ ਘਰ- ਘਰ ਜਾ ਕੇ ਬਣਾਉਣ ਦਾ ਪ੍ਰਬੰਧ ਹੋਵੇ : ਸਿੰਗੜੀਵਾਲਾ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)—2011 ਵਿਚ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਈਆ ਸਨ ਤਾਂ ਉਸ ਸਮੇਂ 52 ਲੱਖ ਦੇ ਕਰੀਬ ਸਿੱਖਾਂ ਨੇ ਵੋਟਾਂ ਬਣਾਈਆਂ ਸਨ। ਲੇਕਿਨ ਹੁਣ ਗੁਰਦੁਆਰਾ ਚੋਣ ਕਮਿਸ਼ਨਰ ਦੇ ਮੁੱਖੀ ਜਸਟਿਸ ਸਾਰੋ ਵੱਲੋਂ 3 ਵਾਰੀ ਦਾ ਸਮਾਂ ਵੋਟਾਂ ਬਣਾਉਣ ਲਈ ਵਧਾਉਣ ਉਪਰੰਤ ਵੀ ਕੇਵਲ 27 ਲੱਖ 87 ਹਜਾਰ ਸਿੱਖਾਂ ਨੇ ਹੀ ਵੋਟਾਂ ਬਣਾਈਆਂ ਹਨ। ਜਦੋਂਕਿ 2011 ਤੋਂ ਲੈ ਕੇ ਵੱਡੀ ਗਿਣਤੀ ਵਿਚ ਸਿੱਖ 21 ਸਾਲ ਦੀ ਉਮਰ ਤੋਂ ਵੱਧ ਚੁੱਕੇ ਹਨ। ਜੇਕਰ ਸਹੀ ਢੰਗ ਨਾਲ ਸਰਕਾਰੀ ਕਰਮਚਾਰੀਆਂ ਰਾਹੀਂ ਘਰ- ਘਰ ਜਾ ਕੇ ਇਹ ਵੋਟਾਂ ਬਣਨ ਦਾ ਪ੍ਰਬੰਧ ਹੋਵੇ ਤਾਂ ਪਹਿਲਾਂ ਨਾਲੋਂ ਵੀ ਵੱਧ ਵੋਟਾਂ ਬਣ ਸਕਦੀਆਂ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਕੇਂਦਰੀ ਵਰਕਿੰਗ ਕਮੇਟੀ ਮੈਂਬਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰੈਸ ਨੋਟ ਰਾਹੀਂ ਕੀਤਾ। ਸਿੰਗੜੀਵਾਲਾ ਨੇ ਮੁੱਖ ਚੋਣ ਕਮਿਸ਼ਨਰ ਗੁਰਦੁਆਰਾ ਚੋਣਾਂ ਜਸਟਿਸ ਐਸ.ਐਸ.ਸਾਰੋ ਵੱਲੋਂ ਗੁਰਦੁਆਰਾ ਚੋਣਾਂ ਲਈ ਵੋਟਾਂ ਬਣਾਉਣ ਦੀ ਮਿਤੀ 16 ਸਤੰਬਰ ਤੱਕ ਵਧਾਉਣ ਦੇ ਕੀਤੇ ਗਏ ਉੱਦਮਾਂ ਲਈ ਉਨ੍ਹਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਜੇਕਰ ਵੋਟਾਂ ਸਰਕਾਰੀ ਪੱਧਰ 'ਤੇ ਬੀ.ਐਲ.ਓ., ਆਂਗਣਵਾੜੀ ਅਧਿਆਪਕ ਅਤੇ ਸਰਕਾਰੀ ਸਕੂਲਾਂ ਦੇ ਅਧਿਆਪਕ, ਕਾਨੂੰਗੋ, ਪਟਵਾਰੀਆਂ ਦੀ ਇਹ ਡਿਊਟੀ ਲੱਗੇ ਤਾਂ ਜੋ ਘਰ-ਘਰ ਜਾ ਕੇ ਸਭ ਮੈਂਬਰਾਂ ਦੇ ਫਾਰਮ ਭਰਕੇ ਇਹ ਵੋਟਾਂ ਬਣਾਉਣ ਤਾਂ ਇਸ ਨਾਲ 90% ਵੋਟਾਂ ਜ਼ਰੂਰ ਬਣ ਸਕਣਗੀਆਂ।ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਜਸਟਿਸ ਸਾਰੋ ਸਾਹਿਬ ਇਸ ਵੱਡੀ ਜਿੰਮੇਵਾਰੀ ਨੂੰ ਪਹਿਲੇ ਨਾਲੋਂ ਵੀ ਵਧੇਰੇ ਸੁਹਿਰਦਤਾ ਨਾਲ ਪੂਰਨ ਕਰਕੇ ਸਿੱਖ ਕੌਮ ਦੀ ਨਵੀਂ ਬਣਨ ਜਾ ਰਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਚੋਣ ਨੂੰ ਸਹੀ ਪ੍ਰਕਿਰਿਆ ਵਿਚ ਪੂਰ

4-Aug-PAGE-7.qxd 8/3/2024 11:13 PM Page 1

24ਵੀਂ ਰੋਲਰ ਸਕੇਟਿੰਗ ਚੈਂਪੀਅਨਸ਼ਿਪ 'ਚ ਇਨੋਸੈਂਟ ਹਾਰਟਸ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ

ਜਲੰਧਰ (ਸ਼ੈਲੀ ਐਲਬਰਟ)

ਇੰਨੋਸੈਂਟ ਹਾਰਟਸ ਗ੍ਰੀਨ ਮਾਡਲ ਟਾਊਨ ਅਤੇ ਲੋਹਾਰਾਂ ਦੇ ਵਿਦਿਆਰਥੀਆਂ ਨੇ 24ਵੀਂ ਰੋਲਰ ਸਕੇਟਿੰਗ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ।ਇਹ ਚੈਂਪੀਅਨਸ਼ਿਪ ਪਿਛਲੀ ਹਫਤੇ ਵਿੱਚ ਪੁਲਸ ਡੀ.ਏ.ਵੀ ਸਕੂਲ ਵਿਖੇ ਕਰਵਾਈ ਗਈ।ਇਸ ਚੈਂਪੀਅਨਸ਼ਿਪ ਵਿੱਚ ਗ੍ਰੀਨ ਮਾਡਲ ਟਾਊਨ ਦੀ ਹਰਗੁਣ ਹੁੰਦਲ, ਸਰਗੁਣ ਮਹਿਮੀ, ਹਰਨਾਜ਼ ਕੌਰ ਅਤੇ ਕਰਮਨ ਕੌਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨੇ ਦਾ ਤਗਮਾ ਜਿੱਤਿਆ।ਜਦਕਿ ਲੁਹਾਰਾਂ ਦੇ ਮੋਕਸ਼ ਤਿਲਕ ਸਲਗੋਤਰਾ ਨੇ ਚਾਂਦੀ ਦਾ ਤਗਮਾ ਜਿੱਤਿਆ। ਹਰਗੁਣ ਹੁੰਦਲ ਨੇ 24ਵੀਂ ਜ਼ਿਲ੍ਹਾ ਰੋਲਰ ਸਕੇਟਿੰਗ ਚੈਂਪੀਅਨਸ਼ਿਪ ਵਿੱਚ 500 ਮੀਟਰ ਅਤੇ 1000 ਮੀਟਰ ਵਿੱਚ ਦੋ ਸੋਨ ਤਗਮੇ ਜਿੱਤੇ।ਹਰਗੁਣ ਨੂੰ ਦਸੰਬਰ 2023 ਵਿੱਚ ਚੇਨਈ ਵਿੱਚ ਜ਼ਿਲ੍ਹਾ ਰੋਲਰ ਸਕੇਟਿੰਗ ਐਸੋਸੀਏਸ਼ਨ ਜਲੰਧਰ ਵੱਲੋਂ ਨੈਸ਼ਨਲ ਮੈਡਲ ਆਫ਼ ਆਨਰ ਅਵਾਰਡ ਮਿਲ ਚੁੱਕਾ ਹੈ। ਕਰਮਨ ਕੌਰ ਨੇ ਜ਼ਿਲ੍ਹਾ ਰੋਲਰ ਸਕੇਟਿੰਗ ਚੈਂਪੀਅਨਸ਼ਿਪ 2024 ਵਿੱਚ ਰੇਸ-1 ਵਨ ਲੈਪ ਇਨਲਾਈਨ, ਰੇਸ-2 ਟੂ ਲੈਪ ਇਨਲਾਈਨ ਵਿੱਚ ਗੋਲਡ ਮੈਡਲ ਜਿੱਤ ਕੇ 24 ਨਵੰਬਰ ਨੂੰ ਹੋਣ ਵਾਲੇ ਰਾਜ ਪੱਧਰੀ ਮੁਕਾਬਲੇ ਲਈ ਕੁਆਲੀਫਾਈ ਕਰ ਲਿਆ ਹੈ।ਕਰਮਨ ਜਲੰਧਰ ਜ਼ਿਲ੍ਹੇ ਦੀ ਪ੍ਰਤੀਨਿਧਤਾ ਕਰੇਗੀ। ਸਰਗੁਣ ਮਹਿਮੀ ਨੇ ਜ਼ਿਲ੍ਹਾ ਰੋਲਰ ਸਕੇਟਿੰਗ ਚੈਂਪੀਅਨਸ਼ਿਪ-2024 ਵਿੱਚ 9 ਤੋਂ 11 ਸਾਲ (ਲੜਕੀਆਂ) ਵਰਗ ਦੇ ਕੁਆਡ ਈਵੈਂਟ ਵਿੱਚ ਸੋਨੇ ਦਾ ਤਗਮਾ ਜਿੱਤਿਆ।ਹਰਨਾਜ਼ ਕੌਰ ਨੇ ਜ਼ਿਲ੍ਹਾ ਰੋਲਰ ਸਕੇਟਿੰਗ ਚੈਂਪੀਅਨਸ਼ਿਪ-2024 ਵਿੱਚ ਰੇਸ-1 ਵਨ ਲੈਪ ਇਨਲਾਈਨ ਵਿੱਚ ਗੋਲਡ ਮੈਡਲ ਅਤੇ ਰੇਸ-2 ਵਿੱਚ ਟੂ ਲੈਪ ਇਨਲਾਈਨ ਵਿੱਚ ਕਾਂਸੇ ਦਾ ਤਗਮਾ ਜਿੱਤਿਆ।ਇੰਨੋਸੈਂਟ ਹਾਰਟਸ ਸਕੂਲ ਲੋਹਾਰਾਂ ਦੇ ਮੋਕਸ਼ ਤਿਲਕ ਸਲਗੋਤਰਾ ਨੇ ਇਸ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਗਮਾ ਜਿੱਤਿਆ। ਇਸ ਮੌਕੇ ਰਾਜੀਵ ਪਾਲੀਵਾਲ (ਪ੍ਰਿੰਸੀਪਲ ਗ੍ਰੀਨ ਮਾਡਲ ਟਾਊਨ), ਮਿਸ ਸ਼ਾਲੂ ਸਹਿਗਲ (ਪ੍ਰਿੰਸੀਪਲ ਲੋਹਾਰਾਂ) ਨੇ ਸਪੋਰਟਸ ਐਚ.ਓ.ਡੀ ਸ੍ਰੀ ਅਨਿਲ ਕੁਮਾਰ (ਗਰੀਨ ਮਾਡਲ ਟਾਊਨ) ਅਤੇ ਸ੍ਰੀ ਸੰਜੀਵ (ਲੋਹਾਰਾਂ) ਦੀ ਸ਼ਲਾਘਾ ਕੀਤੀ।ਉਨ੍ਹਾਂ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਆਪਣੇ ਲਕਸ਼ ਵੱਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ।

ਪਿਛਲੇ ਚਾਰ ਮਹੀਨਿਆਂ ਤੋਂ ਤਨਖਾਹ ਨਾ ਮਿਲਣ 'ਤੇ ਰੋਸ

ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੱਬੀ)- ਪੰਜਾਬ ਸਰਕਾਰ ਭਾਵੇਂ ਵੱਡੇ ਵੱਡੇ ਦਾਅਵੇ ਕਰਦੀ ਹੈ ਪਰ ਹਰ ਵਰਗ ਇਸ ਬਦਲਾਅ ਵਾਲੀ ਸਰਕਾਰ ਵਿਰੁੱਧ ਰੋਸ ਧਰਨੇ ਲਗਾਉਣ ਲਈ ਮਜਬੂਰ ਹੈ।ਸ੍ਰੀ ਚਮਕੌਰ ਸਾਹਿਬ ਦੇ ਵਣ ਰੇਂਜ ਵਿਭਾਗ ਦੇ ਡੇਲੀਵੇਜ਼ ਵਰਕਰਾਂ ਦੀ ਮੀਟਿੰਗ ਸ੍ਰੀ ਚਮਕੌਰ ਸਾਹਿਬ ਵਿਖੇ ਹੋਈ। ਇਸ ਮੀਟਿੰਗ ਦੌਰਾਨ ਵਣ ਵਿਭਾਗ ਦੇ ਡੇਲੀਵੇਜ਼ ਵਰਕਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਅਪ੍ਰੈਲ, ਮਈ, ਜੂਨ ਅਤੇ ਜੁਲਾਈ ਮਹੀਨੇ ਦੀਆਂ ਰਹਿੰਦੀਆਂ ਤਨਖਾਹਾਂ ਨਾ ਮਿਲਣ ਕਾਰਨ ਪੰਜਾਬ ਸਰਕਾਰ ਵਿਰੁੱਧ ਭਾਰੀ ਰੋਸ ਹੈ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਰੁਕੀਆਂ ਤਨਖਾਹਾਂ ਜਲਦ ਜਾਰੀ ਨਹੀਂ ਕੀਤੀਆਂ ਜਾਂਦੀਆਂ ਤਾਂ ਉਨ੍ਹਾਂ ਵੱਲੋਂ 12 ਅਗਸਤ ਨੂੰ ਜਥੇਬੰਦੀ ਵੱਲੋਂ ਦਫ਼ਤਰ ਸ੍ਰੀ ਚਮਕੌਰ ਸਾਹਿਬ ਵਿਖੇ ਰੋਸ ਧਰਨਾ ਲਗਾਇਆ ਜਾਵੇਗਾ। ਜਿਸ ਦੀ ਜ਼ਿੰਮੇਵਾਰ ਵਣ ਵਿਭਾਗ ਰੇਂਜ ਅਫ਼ਸਰ ਸ੍ਰੀ ਚਮਕੌਰ ਸਾਹਿਬ ਦੀ ਤੇ ਸਮੂਹ ਪ੍ਰਸ਼ਾਸ਼ਨ ਦੀ ਹੋਵੇਗੀ। ਇਸ ਮੌਕੇ ਆਲ ਇੰਡੀਆ ਮਜਦੂਰ ਦਲ ਦੇ ਕਰਮਜੀਤ ਸਿੰਘ, ਅਬਦੁਲ ਮਹੁੰਮਦ, ਸੁਖਵਿੰਦਰ ਸਿੰਘ ਬਾਲਸੰਢਾ, ਸੇਵਕ ਸਿੰਘ, ਗੁਰਮੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

ਫ੍ਰੀ ਸਟਾਈਲ ਗ੍ਰੀਕੋ ਰੋਮਨ ਸਟਾਈਲ ਤੇ ਵੂਮੈਨ ਰੈਸਲਿੰਗ ਚੈਂਪੀਅਨਸ਼ਿਪ ਲਈ ਚੋਣ

ਕੁਰਾਲੀ (ਮੋਹਨ ਅਗਰਵਾਲ)

ਪਿਛਲੇ ਸਾਲ ਦੀ ਵਰਲਡ ਚੈਂਪੀਅਨਸ਼ਿਪ ਦੇ ਬਰਾਊਂਜ਼ ਮੈਡਲ ਜੇਤੂ ਅਖਾੜਾ ਮੁੱਲਾਂਪੁਰ ਗਰੀਬਦਾਸ ਦੇ ਪਹਿਲਵਾਨ ਜਸਪੂਰਨ ਸਿੰਘ ਪਹਿਲਵਾਨ ਦੀ ਇੱਕ ਵਾਰ ਫਿਰ ਅੰਡਰ 17 ਵਰਲਡ ਫ੍ਰੀ ਸਟਾਈਲ ਗ੍ਰੀਕੋ ਰੋਮਨ ਸਟਾਈਲ ਅਤੇ ਵੂਮੈਨ ਰੈਸਲਿੰਗ ਚੈਂਪੀਅਨਸ਼ਿਪ ਜੋ ਜੋਰਡਨ ਫੈਡਰੇਸ਼ਨ ਓਮਾਨ ਵਿਖੇ ਹੋਣ ਵਾਲੀ ਹੈ, ਲਈ ਚੋਣ ਹੋਈ ਹੈ।ਇਸ ਮੌਕੇ ਪਹਿਲਵਾਨਾਂ ਵੱਲੋਂ ਅਖਾੜੇ ਵਿੱਚ ਇੱਕ ਦੂਜੇ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ ਗਈਆਂ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਅਖਾੜਾ ਮੁੱਲਾਪੁਰ ਗਰੀਬਦਾਸ ਦੇ ਸੰਚਾਲਕ ਗੋਲੂ ਪਹਿਲਵਾਨ ਨੇ ਦੱਸਿਆ ਕਿ ਬੀਤੇ ਦਿਨੀਂ ਇਸ ਚੈਂਪੀਅਨਸ਼ਿਪ ਲਈ ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਵੱਲੋਂ ਟਰਾਇਲ ਮਾਰਡਨ ਸਕੂਲ ਚਾਰਾ ਬੇਰੀ ਰੋਡ ਨੇੜੇ ਸੈਕਟਰ 2 ਬਹਾਦਰਗੜ੍ਹ ਹਰਿਆਣਾ ਵਿਖੇ ਕਰਵਾਏ ਗਏ ਸਨ। ਜਿਸ ਵਿੱਚ ਇਸ ਅਖਾੜੇ ਦੇ ਪਹਿਲਵਾਨ ਜਸਪੂਰਨ ਸਿੰਘ ਦੀ ਅੰਡਰ 17 ਦੇ 110 ਕਿਲੋ ਗ੍ਰਾਮ ਫ੍ਰੀ ਸਟਾਈਲ ਮੁਕਾਬਲੇ ਲਈ ਚੋਣ ਹੋਈ ਹੈ।ਇਹ ਚੈਂਪੀਅਨਸ਼ਿਪ 19 ਅਗਸਤ ਤੋਂ 25 ਅਗਸਤ ਤੱਕ ਜੋਰਡਨ ਫੈਡਰੇਸ਼ਨ ਓਮਾਨ ਵਿਖੇ ਹੋ ਰਹੀ ਹੈ।ਇਸ ਮੁਕਾਬਲੇ ਲਈ ਜਸਪੂਰਨ ਪਹਿਲਵਾਨ ਜੀਅ ਲਾ ਕੇ ਮਿਹਨਤ ਕਰ ਰਿਹਾ ਹੈ। ਉਮੀਦ ਹੈ ਕਿ ਉਸ ਵੱਲੋਂ ਇਸ ਚੈਂਪੀਅਨਸ਼ਿਪ ਵਿੱਚ ਵੀ ਵਧੀਆ ਪ੍ਰਦਰਸ਼ਨ ਕੀਤਾ ਜਾਵੇਗਾ।ਇਸ ਮੌਕੇ ਦਾਸ ਐਸੋਸੀਏਟ ਦੇ ਸੰਚਾਲਕ ਰਵੀ ਸ਼ਰਮਾ ਨੇ ਕਿਹਾ ਕਿ ਜਸਪੂਰਨ ਪਹਿਲਵਾਨ ਅਖਾੜਾ ਮੁੱਲਾਂਪੁਰ ਗਰੀਬਦਾਸ ਦਾ ਉਹ ਤਰਾਸ਼ਿਆ ਹੀਰਾ ਹੈ ਜਿਸ ਦੀ ਚਮਕ ਦੇਖਣ ਲਈ ਦੁਨੀਆ ਬੇਤਾਬ ਬੈਠੀ ਹੈ। ਕਿਉਂਕਿ ਉਹ ਛੋਟੀ ਉਮਰ ਵਿੱਚ ਹੀ ਹੁਣ ਤੱਕ ਵੱਡੇ ਵੱਡੇ ਖਿਤਾਬ ਆਪਣੇ ਨਾਮ ਕਰ ਚੁੱਕਾ ਹੈ।ਇਸ ਤੋਂ ਇਲਾਵਾ ਵਿਦੇਸ਼ਾਂ ਵਿੱਚ ਹੋਏ ਸਾਰੇ ਮੁਕਾਬਲਿਆਂ ਵਿੱਚ ਉਸ ਨੇ ਬਰਾਊਂਜ਼ ਮੈਡਲ ਜਿੱਤ ਕੇ ਦੇਸ਼, ਅਖਾੜੇ, ਪਿੰਡ ਮੁੱਲਾਂਪੁਰ ਗਰੀਬਦਾਸ ਅਤੇ ਆਪਣੇ ਮਾਤਾ ਪਿਤਾ ਤੇ ਉਸਤਾਦ ਗੋਲੂ ਪਹਿਲਵਾਨ ਦਾ ਨਾਮ ਰੌਸ਼ਨ ਕੀਤਾ ਹੈ। ਹੁਣ ਵੀ ਉਸ ਤੋਂ ਬਹੁਤ ਉਮੀਦਾਂ ਹਨ।ਆਸ ਕਰਦੇ ਹਾਂ ਕਿ ਉਹ ਇਸ ਵਾਰ ਵੀ ਜਿੱਤ ਦਾ ਸਿਹਰਾ ਸਜਾ ਕੇ ਸਾਡਾ ਮਾਣ ਵਧਾਵੇਗਾ। ਪਿਤਾ ਕੁਲਤਾਰ ਪਹਿਲਵਾਨ ਨੇ ਕਿਹਾ ਕਿ ਜੋ ਵੀ ਅੱਜ ਹਾਂ, ਗੋਲੂ ਤੇ ਰਵੀ ਪਹਿਲਵਾਨ ਦੀ ਬਦੌਲਤ ਹੈ ਉਮੀਦ ਹੈ ਮੇਰਾ ਪੁੱਤਰ ਅਖਾੜੇ ਅਤੇ ਉਸਤਾਦਾਂ ਦਾ ਨਾਂ ਸਾਰੀ ਦੁਨੀਆ ਵਿੱਚ ਰੌਸ਼ਨ ਕਰੇਗਾ। ਇਸ ਮੌਕੇ ਸ਼ੇਰ ਸਿੰਘ ਮੱਲ ਧਰਮਿੰਦਰ ਸਿੰਘ ਮੁੱਲਾਂਪੁਰ, ਹੈਪੀ ਪਹਿਲਵਾਨ, ਧਰਮਿੰਦਰ ਪੜੌਲ, ਜਗਤਾਰ ਸੋਹੀ ਵੱਲੋਂ ਵੀ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ।

ਡੀ ਪੀ ਆਰ ਇਲੈਵਨ ਨੇ ਪੱਤਰਕਾਰਾਂ ਦੀ ਟੀਮ ਨੂੰ ਛੇ ਦੌੜਾਂ ਨਾਲ ਹਰਾਇਆ

ਚੰਡੀਗੜ੍ਹ (ਕ੍ਰਿਸ਼ਨ ਗਰਗ)-ਯੂ ਟੀ ਕ੍ਰਿਕਟ ਐਸੋਸੀਏਸ਼ਨ ਅਤੇ ਚੰਡੀਗੜ੍ਹ ਪੁਲਸ ਵੱਲੋਂ 'ਬੱਲਾ ਘੁੰਮਾਓ, ਨਸ਼ਾ ਭਜਾਓ' ਦੇ ਸਲੋਗਨ ਤਹਿਤ ਕਰਵਾਈ ਜਾ ਰਹੀ ਗਲੀ ਕ੍ਰਿਕਟ ਦੇ ਬੀਤੀ ਰਾਤ ਪੀ ਸੀ ਏ ਕੌਮਾਂਤਰੀ ਕ੍ਰਿਕਟ ਸਟੇਡੀਅਮ ਮੁਹਾਲੀ ਵਿਖੇ ਖੇਡੇ ਗਏ ਪ੍ਰਦਰਸ਼ਨੀ ਮੈਚ ਵਿੱਚ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਦੀ ਡੀ ਪੀ ਆਰ ਇਲੈਵਨ ਨੇ ਟਰਾਈਸਿਟੀ ਦੇ ਖੇਡ ਪੱਤਰਕਾਰਾਂ ਦੀ ਟੀਮ ਨੂੰ ਛੇ ਦੌੜਾਂ ਨਾਲ ਹਰਾਇਆ। ਡੀ ਪੀ ਆਰ ਟੀਮ ਦੇ ਆਦਿਲ ਆਜ਼ਮੀ ਨੂੰ ਹਰਫ਼ਨਮੌਲਾ ਪ੍ਰਦਰਸ਼ਨ ਬਦਲੇ 'ਮੈਨ ਆਫ਼ ਦਿ ਮੈਚ' ਚੁਣਿਆ ਗਿਆ।

ਰੋਮਾਂਚਕ ਤੇ ਫਸਵੇਂ ਘੱਟ ਸਕੋਰ ਵਾਲੇ ਮੈਚ ਵਿੱਚ ਡੀ ਪੀ ਆਰ ਟੀਮ ਦੇ ਕਪਤਾਨ ਨਵਦੀਪ ਸਿੰਘ ਗਿੱਲ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ। ਡੀ.ਪੀ.ਆਰ. ਟੀਮ ਨੇ ਨਿਰਧਾਰਤ 10 ਓਵਰਾਂ ਵਿੱਚ 7 ਵਿਕਟਾਂ ਦੇ ਨੁਕਸਾਨ ਉਤੇ 59 ਦੌੜਾਂ ਬਣਾਈਆਂ। ਡੀ.ਪੀ.ਆਰ. ਵੱਲੋਂ ਆਦਿਲ ਆਜ਼ਮੀ ਨੇ ਸਭ ਤੋਂ ਵੱਧ 21 ਦੌੜਾਂ ਬਣਾਈਆਂ। ਰਣਦੀਪ ਸਿੰਘ ਨੇ 9, ਨਵਦੀਪ ਸਿੰਘ ਗਿੱਲ ਨੇ ਨਾਬਾਦ 6 ਤੇ ਅੰਮ੍ਰਿਤ ਸਿੰਘ ਨੇ ਵੀ 6 ਦੌੜਾਂ ਬਣਾਈਆਂ।ਪੱਤਰਕਾਰਾਂ ਦੀ ਟੀਮ ਵੱਲੋਂ ਸੰਦੀਪ ਕੌਸ਼ਿਕ ਨੇ ਤਿੰਨ ਅਤੇ ਗੌਰਵ ਮਰਵਾਹਾ ਤੇ ਲੱਲਨ ਯਾਦਵ ਨੇ ਇਕ-ਇਕ ਵਿਕਟ ਲਈ। 60 ਦੌੜਾਂ ਦੇ ਸਕੋਰ ਦਾ ਪਿੱਛਾ ਕਰਦੀ ਖੇਡ ਪੱਤਰਕਾਰਾਂ ਦੀ ਟੀਮ 10 ਓਵਰਾਂ ਵਿੱਚ ਸੱਤ ਵਿਕਟਾਂ ਦੇ ਨੁਕਸਾਨ ਉਤੇ 54 ਦੌੜਾਂ ਹੀ ਬਣਾ ਸਕੀ। ਗੌਰਵ ਮਰਵਾਹਾ ਨੇ ਸਭ ਤੋਂ ਵੱਧ 27 ਦੌੜਾਂ ਬਣਾਈਆਂ ਜਦੋਂ ਕਿ ਰਵੀ ਅਟਵਾਲ ਨੇ 12 ਤੇ ਸੰਜੀਵ ਨੇ ਨਾਬਾਦ 5 ਦੌੜਾਂ ਬਣਾਈਆਂ।ਡੀ ਪੀ ਆਰ ਟੀਮ ਵੱਲੋਂ ਅਮਿਤ ਕੁਮਾਰ, ਜਸਵੰਤ ਸਿੰਘ, ਆਦਿਲ ਆਜ਼ਮੀ ਤੇ ਮੁਕੇਸ਼ ਕੁਮਾਰ ਨੇ ਇਕ-ਇਕ ਵਿਕਟ ਲਈ।ਆਦਿਲ ਨੇ ਇਕ ਕੈਚ ਵੀ ਲਿਆ ਅਤੇ ਇਕ ਖਿਡਾਰੀ ਨੂੰ ਰਨ ਆਊਟ ਕੀਤਾ।ਯੂ ਟੀ ਸੀ ਏ ਦੇ ਪ੍ਰਧਾਨ ਸੰਜੇ ਟੰਡਨ ਨੇ ਮੈਨ ਆਫ਼ ਦਿ ਮੈਚ ਪੁਰਸਕਾਰ ਅਤੇ ਦੋਵਾਂ ਟੀਮਾਂ ਨੂੰ ਸਨਮਾਨਤ ਕੀਤਾ। ਦੋਵਾਂ ਟੀਮਾਂ ਤਰਫੋਂ ਸੌਰਭ ਦੁੱਗਲ ਅਤੇ ਨਵਦੀਪ ਸਿੰਘ ਗਿੱਲ ਨੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਇਸ ਨਿਵੇਕਲੇ ਉਪਰਾਲੇ ਦੀ ਸ਼ਲਾਘਾ ਕੀਤੀ।

ਸੇਂਟ ਸੋਲਜਰ ਕਾਲਜ (ਕੋ -ਐਡ) ਨੇ ਇੰਡਕਸ਼ਨ ਸਮਾਰੋਹ ਕਰਵਾਇਆ

ਜਲੰਧਰ, (ਇਕਬਾਲ ਸਿੰਘ ਉੱਭੀ)- ਸੇਂਟ ਸੋਲਜਰ ਕਾਲਜ (ਕੋ -ਐਡ) ਜਲੰਧਰ ਵਿਖੇ ਨਵੇਂ ਦਾਖਲ ਹੋਏ ਵਿਦਿਆਰਥੀਆਂ ਲਈ ਇੰਡਕਸਨ ਸਮਾਰੋਹ ਕਰਵਾਇਆ ਗਿਆ। ਜਿਸ ਵਿੱਚ ਸੈਸ਼ਨ 2024-25 ਦੇ ਨਵੇਂ ਵਿਦਿਆਰਥੀਆਂ ਦਾ ਕਾਲਜ 'ਚ ਸਵਾਗਤ ਕੀਤਾ ਗਿਆ। ਉਨ੍ਹਾਂ ਨੂੰ ਕਾਲਜ ਦੀ ਪੜ੍ਹਾਈ ਅਤੇ ਇਸ ਦੀਆਂ ਗਤੀਵਿਧੀਆਂ ਬਾਰੇ ਜਾਣੂ ਕਰਵਾਉਣ ਲਈ ਇੰਡਕਸਨ ਸਮਾਰੋਹ ਦਾ ਆਯੋਜਨ ਕੀਤਾ ਗਿਆ।

ਸਮਾਗਮ ਦੀ ਪ੍ਰਧਾਨਗੀ ਕਾਲਜ ਦੇ ਡਾਇਰੈਕਟਰ ਡਾ ਵੀਨਾ ਦਾਦਾ ਅਤੇ ਡਾ ਮਨਜੀਤ ਕੌਰ(ਕਾਲਜ ਪ੍ਰਿੰਸੀਪਲ) ਅਤੇ ਸਮੂਹ ਸਟਾਫ ਨੇ ਕੀਤਾ। ਪ੍ਰਿੰਸੀਪਲ ਡਾ. ਮਨਜੀਤ ਕੌਰ ਨੇ ਨਵੇਂ ਵਿਦਿਆਰਥੀਆਂ ਦਾ ਸਵਾਗਤ ਕੀਤਾ ਅਤੇ ਨਵੀਂ ਸਿੱਖਿਆ ਨੀਤੀ ਬਾਰੇ ਵਿਸਥਾਰ ਨਾਲ ਦੱਸਿਆ ਤੇ ਓਹਨਾ ਨੇ ਵਿਦਿਆਰਥੀਆਂ ਨੂੰ ਪਾਠਕ੍ਰਮ ਨਾਲ ਪੂਰੀ ਤਰ੍ਹਾਂ ਜੁੜਨ ਅਤੇ ਉਹਨਾਂ ਦੇ ਸਰਵਪੱਖੀ ਵਿਕਾਸ ਨੂੰ ਵਧਾਉਣ ਲਈ ਸਾਰੀਆਂ ਅਕਾਦਮਿਕ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਉਤਸਾਹਿਤ ਕੀਤਾ। ਕਾਲਜ ਦੇ ਡਾਇਰੈਕਟਰ ਡਾ ਵੀਨਾ ਦਾਦਾ ਨੇ ਅਨੁਸਾਸਨ ਦੀ ਮਹੱਤਤਾ 'ਤੇ ਜੋਰ ਦਿੱਤਾ ਅਤੇ ਨਵੇਂ ਵਿਦਿਆਰਥੀਆਂ ਨੂੰ ਗਿਆਨ ਪ੍ਰਾਪਤੀ ਲਈ ਮਾਰਗਦਰਸਨ ਪ੍ਰਦਾਨ ਕੀਤਾ। ਵਿਦਿਆਰਥੀਆਂ ਦਾ ਸਵਾਗਤ ਕਰਦੇ ਹੋਏ ਗਰੁੱਪ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਦੀ ਮਹੱਤਤਾ ਬਾਰੇ ਦੱਸਿਆ 'ਤੇ ਮੇਹਨਤ ਕਾਰਨ ਪ੍ਰੇਰਿਤ ਕੀਤਾ।

ਕੁਲਥਮ ਦੇ ਨੌਜਵਾਨ ਦੀ ਦੁਬਈ 'ਚ ਹਾਰਟ ਅਟੈਕ ਨਾਲ ਮੌਤ

ਬੰਗਾ (ਅਵਤਾਰ ਕਲੇਰ)- ਹਲਕਾ ਬੰਗਾ ਦੇ ਪਿੰਡ ਕੁਲਥਮ ਹਾਲ ਵਾਸੀ ਗਲੀ ਨੰਬਰ 28 ਮੁਹੱਲਾ ਕੌਲਧਰ (ਫਗਵਾੜਾ) ਹਰਜੀਤ ਕੁਮਾਰ ਉਰਫ਼ ਵਿੱਕੀ ਪੁੱਤਰ ਮਦਨ ਲਾਲ ਦੀ ਦੁਬਈ ਵਿਚ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ।ਪਰਵਾਰ ਵਿੱਚ ਹੁਣ ਭਰਾ ਗੁਰਦੀਪ ਚੰਦ ਤੇ ਭੈਣ ਮਨਦੀਪ ਰਾਣੀ ਰਹਿ ਗਏ ਹਨ ਕਿਉਂਕਿ ਉਸ ਦੇ ਮਾਪਿਆਂ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਉਹ ਆਪਣੀ ਭੈਣ ਤੇ ਭਰਾ ਦੀ ਆਰਥਿਕ ਮੱਦਦ ਕਰਦਾ ਰਹਿੰਦਾ ਸੀ। ਉਸ ਦੇ ਜੀਜੇ ਦੀ ਵੀ ਐਕਸੀਡੈਂਟ ਕਾਰਨ ਮੌਤ ਹੋ ਗਈ ਸੀ। ਉਸ ਦੇ ਚਾਚਾ ਚਮਨ ਲਾਲ ਤੇ ਰੋਸ਼ਨ ਲਾਲ ਨੇ ਦੱਸਿਆ ਕਿ ਉਹ ਦੁਬਈ ਸ਼ਾਰਜਾਹ ਵਿਖੇ ਦਵਾਈ ਲੈਣ ਹਸਪਤਾਲ ਗਿਆ ਸੀ ਜਿਥੇ ਉਸ ਨੂੰ ਦਿਲ ਦਾ ਦੌਰਾ ਪੈ ਗਿਆ। ਡਾਕਟਰਾਂ ਵੱਲੋਂ ਚਾਰ ਘੰਟੇ ਦੀ ਜੱਦੋਜਹਿਦ ਤੋਂ ਬਾਅਦ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਪਰਵਾਰ ਵੱਲੋਂ ਉਸ ਦੀ ਲਾਸ਼ ਨੂੰ ਪੰਜਾਬ ਲਿਆ ਕੇ ਉਸ ਦਾ ਅੰਤਿਮ ਸੰਸਕਾਰ ਮੁਹੱਲਾ ਕੌਲਧਰ ਫਗਵਾੜਾ ਵਿਖੇ ਕਰ ਦਿੱਤਾ ਗਿਆ। ਇਸ ਮੌਕੇ 'ਤੇ ਸਰਪੰਚ ਬਲਜੀਤ ਸਿੰਘ ਜੀਤਾ, ਨਿਰਮਲ ਦਾਸ, ਰਾਜ ਕੁਮਾਰ, ਜੋਗਿੰਦਰੋ ਦੇਵੀ, ਓਮ ਪ੍ਰਕਾਸ਼ ਪੰਚ, ਰਾਜ ਕੁਮਾਰ,ਪਰਮਜੀਤ ਪੰਮੀ ਆਦਿ ਹਾਜ਼ਰ ਸਨ।

ਲੁੱਟ-ਖੋਹ ਦੀਆਂ ਵਾਰਦਾਤਾਂ ਵਿਰੁੱਧ ਪੁਲਸ ਕਮਿਸ਼ਨਰ ਦਫਤਰ ਮੂਹਰੇ ਧਰਨਾ ਅੱਜ

ਜਲੰਧਰ (ਰਾਜੇਸ਼ ਥਾਪਾ)- ਪਿਛਲੇ ਕਈ ਮਹੀਨਿਆਂ ਤੋਂ ਵੇਖਣ ਵਿਚ ਆ ਰਿਹਾ ਹੈ ਕਿ ਜਲੰਧਰ ਵਿੱਚ ਲਗਾਤਾਰ ਲੁੱਟ ਖੋਹ ਦੀਆਂ ਵਾਰਦਾਤਾਂ ਵਿੱਚ ਵਾਧਾ ਹੋਇਆ ਹੈ।ਜਿਆਦਾਤਰ ਉਹ ਲੋਕ ਜਿਹੜੇ ਰਾਤ ਨੂੰ ਕੰਮ ਤੋਂ ਵਾਪਸ ਆਪਣੇ ਘਰਾਂ ਨੂੰ ਪਰਤਦੇ ਨੇ ਲੁੱਟਣ ਵਾਲੇ ਇਹਨਾਂ ਲੋਕਾਂ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਹਨ। ਇਹਨਾਂ ਵਿੱਚ ਗਰੀਬ ਫੈਕਟਰੀ ਮਜ਼ਦੂਰ ਅਤੇ ਅਖਬਾਰਾਂ ਵਿੱਚ ਕੰਮ ਕਰਦੇ ਕਰਮਚਾਰੀ ਵੀ ਸ਼ਾਮਿਲ ਹਨ। ਜਿਆਦਾ

4-Aug-PAGE-8.qxd 8/3/2024 11:12 PM Page 1

ਭਾਜਪਾ ਕੇਜਰੀਵਾਲ ਦੀ ਸਿਹਤ ਨਾਲ ਖਿਲਵਾੜ ਕਰ ਰਹੀ : ਬਰਸਟ

ਚੰਡੀਗੜ੍ਹ, (ਗੁਰਜੀਤ ਬਿੱਲਾ)

ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਜਾਣਬੂਝ ਕੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਝੂਠੇ ਕੇਸਾਂ ਵਿੱਚ ਫਸਾ ਕੇ ਜੇਲ ਵਿੱਚ ਬੰਦ ਰੱਖਣ ਦੀ ਆਲੋਚਨਾ ਕੀਤੀ ਹੈ।ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਨੇ ਰਾਜਨੀਤੀ ਵਿੱਚ ਦੇਸ਼ ਦੀ ਦਸ਼ਾ ਅਤੇ ਦਿਸ਼ਾ ਨੂੰ ਬਦਲ ਦਿੱਤਾ ਹੈ। ਸ੍ਰੀ ਅਰਵਿੰਦ ਕੇਜਰੀਵਾਲ ਨੇ ਪਹਿਲਾ ਦਿੱਲੀ ਵਿੱਚ ਮਿਸਾਲੀ ਕੰਮ ਕੀਤੇ, ਜਿਸ ਲਈ ਦਿੱਲੀ ਦੀ ਜਨਤਾ ਨੇ ਭਾਰੀ ਬਹੁਮਤ ਨਾਲ ਸੱਤਾ ਦੀ ਵਾਗਡੋਰ ਸੌਂਪੀ, ਤੇ ਫਿਰ ਪੰਜਾਬ ਦੀ ਜਨਤਾ ਨੇ ਵੀ ਉਨ੍ਹਾਂ ਦੀ ਸੋਚ ਨੂੰ ਅਪਣਾਉਂਦਿਆਂ ਹੋਇਆ ਪੰਜਾਬ ਵਿੱਚ ਇਨ੍ਹੇ ਵੱਡੇ ਬਹੁਤਮਤ ਨਾਲ ਜਿੱਤ ਦਵਾਈ।

ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਸਿਰਫ਼ ਇਕ ਬੰਦੇ ਦਾ ਨਾਂਅ ਨਹੀਂ ਹੈ, ਇਹ ਇੱਕ ਸੋਚ ਹੈ, ਜੋ ਦੇਸ਼ ਦੇ ਲੋਕਾਂ ਦੀ ਭਲਾਈ ਲਈ ਕਾਰਜ ਕਰਨ ਤੇ ਯਕੀਨ ਰਖਦੀ ਹੈ।ਇਸ ਨੂੰ ਨਾ ਤਾਂ ਕਦੇ ਦਬਾਇਆ ਜਾ ਸਕਦਾ ਹੈ ਤੇ ਨਾ ਹੀ ਰੋਕਿਆ ਜਾ ਸਕਦਾ ਹੈ।ਇਹ ਦੇਸ਼ ਪੱਖੀ ਸੋਚ ਦਿਨੋਂ-ਦਿਨ ਲੋਕਾਂ ਵਿੱਚ ਫੈਲ ਰਹੀ ਹੈ ਅਤੇ ਲੋਕ ਆਮ ਆਦਮੀ ਪਾਰਟੀ ਦੇ ਨਾਲ ਜੁੜ ਰਹੇ ਹਨ।ਭਾਰਤੀ ਜਨਤਾ ਪਾਰਟੀ ਕੇਂਦਰੀ ਜਾਂਚ ਏਜੰਸੀਆਂ ਦੀ ਦੁਰਵਰਤੋਂ ਕਰਦੇ ਹੋਏ ਲਗਾਤਾਰ ਵਿਰੋਧੀਆਂ ਦੀ ਆਵਾਜ਼ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਕਰਦੀ ਆ ਰਹੀ ਹੈ। ਇਸੇ ਤਹਿਤ ਕੇਂਦਰੀ ਜਾਂਚ ਏਜੰਸੀਆਂ ਵੱਲੋਂ ਭਾਜਪਾ ਦੇ ਇਸ਼ਾਰੇ ਤੇ ਮਨੀਸ਼ ਸਿਸੋਦੀਆ, ਸਤਿੰਦਰ ਜੈਨ ਨੂੰ ਪਿਛਲੇ ਕਈ ਮਹੀਨਿਆਂ ਤੋਂ ਜੇਲ ਵਿੱਚ ਬੰਦ ਕੀਤਾ ਹੋਇਆ ਹੈ। ਇਸਦੇ ਬਾਵਜੂਦ ਲੋਕ ਆਮ ਆਦਮੀ ਪਾਰਟੀ ਦੇ ਪੱਖ ਵਿੱਚ ਖੜ੍ਹੇ ਰਹੇ। ਇਨ੍ਹਾਂ ਕੁਝ ਕਰਨ ਦੇ ਬਾਵਜੂਦ ਵੀ ਜਦੋਂ ਕੇਂਦਰ ਦੀ ਭਾਜਪਾ ਸਰਕਾਰ ਦਾ ਮਨ ਨਹੀਂ ਭਰਿਆ ਤਾਂ ਅਰਵਿੰਦ ਕੇਜਰੀਵਾਲ ਨੂੰ ਝੂਠੇ ਕੇਸਾਂ ਵਿੱਚ ਫਸਾ ਕੇ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ।

ਬਰਸਟ ਨੇ ਕਿਹਾ ਕਿ ਸ੍ਰੀ ਅਰਵਿੰਦ ਕੇਜਰੀਵਾਲ 22 ਸਾਲਾਂ ਤੋਂ ਸ਼ੂਗਰ ਦੇ ਮਰੀਜ਼ ਹਨ। ਇਸਦੇ ਬਾਵਜੂਦ ਜੇਲ੍ਹ ਵਿੱਚ ਨਾ ਤਾਂ ਉਨ੍ਹਾਂ ਨੂੰ ਸਹੀ ਤਰੀਕੇ ਨਾਲ ਖਾਣਾ ਉਪਲਬਧ ਕਰਵਾਇਆ ਜਾ ਰਿਹਾ ਹੈ, ਨਾ ਹੀ ਦਵਾਇਆਂ ਅਤੇ ਇੰਸੂਲਿਨ ਮੁਹੱਇਆ ਕਰਵਾਇਆ ਜਾ ਰਿਹਾ ਹੈ। ਜੇਲ੍ਹ ਵਿੱਚ ਉਨ੍ਹਾਂ ਦੀ ਸਿਹਤ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਭਾਜਪਾ ਦੀਆਂ ਧੱਕੇਸ਼ਾਹੀਆਂ ਤੋਂ ਡਰਨ ਵਾਲੀ ਨਹੀਂ ਹੈ। ਭਾਜਪਾ ਵਾਲੇ ਭੁੱਲ ਜਾਂਦੇ ਹਨ ਕਿ ਅਸੀਂ ਇੱਕ ਅੰਦੋਲਨ ਵਿੱਚੋਂ ਪੈਦਾ ਹੋਏ ਹਾਂ। ਉਹ ਸਾਨੂੰ ਡਰਾ ਨਹੀਂ ਸਕਦੇ। ਉਹ ਸਾਨੂੰ ਰੋਕ ਨਹੀਂ ਸਕਦੇ ਅਤੇ ਨਾ ਹੀ ਸਾਡੀ ਸੋਚ ਨੂੰ ਦਬਾ ਸਕਦੇ ਹਨ, ਜਿਸ ਦਾ ਮਕਸਦ ਭ੍ਰਿਸ਼ਟਾਚਾਰ ਨੂੰ ਰੋਕਣਾ ਅਤੇ ਲੋਕਾਂ ਦੀ ਸੇਵਾ ਕਰਨਾ ਹੈ।

ਜੀ ਟੀ ਯੂ ਵੱਲੋਂ ਪ੍ਰਮੋਸ਼ਨਾਂ ਰੋਕਣ ਦੇ ਵਿਰੋਧ 'ਚ 9 ਨੂੰ ਜ਼ਿਲ੍ਹਾ ਪੱਧਰੀ ਧਰਨੇ ਦਾ ਐਲਾਨ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਇਕਾਈ ਹੁਸ਼ਿਆਰਪੁਰ ਦੀ ਇੱਕ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਜਸਵੀਰ ਤਲਵਾੜਾ ਦੀ ਪ੍ਰਧਾਨਗੀ ਹੇਠ ਹੋਈ।ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ ਨੇ ਦੱਸਿਆ ਕਿ ਅਧਿਆਪਕਾਂ ਦੇ ਹਰ ਵਰਗ ਦੀਆਂ ਤਰੱਕੀਆਂ ਤੁਰੰਤ ਕਰਨ, ਅਧਿਆਪਕਾਂ ਨੂੰ ਪੂਰੇ ਤਨਖਾਹ ਸਕੇਲ 'ਤੇ ਪੱਕੇ ਕਰਨ, ਪਿਕਟਸ ਸੋਸਾਇਟੀ ਵਿੱਚ ਰੈਗੂਲਰ ਕੰਪਿਊਟਰ ਅਧਿਆਪਕਾਂ ਨੂੰ ਵਿਭਾਗ ਵਿੱਚ ਮਰਜ਼ ਕਰਨ ਅਤੇ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ, ਅਧਿਆਪਕਾਂ ਵੱਲੋਂ ਖਰਚ ਕੀਤੀਆਂ ਗਈਆਂ ਗਰਾਂਟਾਂ ਤੁਰੰਤ ਜਾਰੀ ਕਰਨ, ਹਰ ਭਰਤੀ ਲਈ ਨਿਯੁਕਤੀ ਦੇ ਸਮੇਂ ਤੋਂ ਪੂਰੀ ਤਨਖਾਹ ਜਾਰੀ ਕਰਨ, ਬਦਲੀਆਂ ਵਿੱਚ ਨਵ-ਨਿਯੁਕਤ ਅਧਿਆਪਕਾਂਵਾਂ ਨੂੰ ਪਹਿਲ ਦੇਣ, ਅਧਿਆਪਕਾਂ ਤੋਂ ਹਰ ਤਰ੍ਹਾਂ ਦੇ ਗੈਰ ਵਿਦਿਅਕ ਕੰਮ ਲੈਣੇ ਬੰਦ ਕਰਨ, ਘਟੀਆ ਮਿਆਰ ਦੀਆਂ ਵਰਦੀਆਂ ਜਬਰੀ ਸਕੂਲਾਂ ਨੂੰ ਭੇਜਣਾ,ਮਾਨਯੋਗ ਅਦਾਲਤਾਂ ਵੱਲੋਂ ਅਧਿਆਪਕ ਪੱਖੀ ਕੀਤੇ ਗਏ ਫੈਸਲੇ ਲਾਗੂ ਕਰਵਾਉਣ ਸਮੇਤ ਅਧਿਆਪਕ ਮੰਗਾਂ ਦੀ ਪ੍ਰਾਪਤੀ ਲਈ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵੱਲੋਂ 8 ਅਤੇ 9 ਅਗਸਤ ਨੂੰ ਜ਼ਿਲ੍ਹਾ ਸਿੱਖਿਆ ਦਫ਼ਤਰਾਂ ਅੱਗੇ ਧਰਨੇ ਦਿੱਤੇ ਜਾ ਰਹੇ ਹਨ ਜਿਸ ਵਿੱਚ ਉਚ-ਸਿੱਖਿਆ ਅਧਿਕਾਰੀਆਂ, ਸਿੱਖਿਆ ਮੰਤਰੀ ਅਤੇ ਮੁੱਖ ਮੰਤਰੀ ਨੂੰ ਮੰਗ-ਪੱਤਰ ਭੇਜਣ ਦਾ ਫੈਸਲਾ ਕੀਤਾ ਗਿਆ ਹੈ। ਇਸ ਉਪਰੰਤ 4 ਸਤੰਬਰ ਨੂੰ ਵਿਦਿਆ ਭਵਨ ਮੋਹਾਲੀ ਸਾਹਮਣੇ ਸੂਬਾਈ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਸੇ ਤਹਿਤ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ 9 ਅਗਸਤ ਨੂੰ ਜ਼ਿਲ੍ਹਾ ਪੱਧਰੀ ਧਰਨਾ ਦਿੱਤਾ ਜਾ ਰਿਹਾ ਹੈ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਜਸਵੀਰ ਤਲਵਾੜਾ ਨੇ ਦੱਸਿਆ ਕਿ ਮੁੱਖ-ਮੰਤਰੀ ਪੰਜਾਬ ਵਲੋਂ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਨਾਲ ਹੋਣ ਵਾਲੀ ਮੀਟਿੰਗ ਵਾਰ-ਵਾਰ ਮੁਲਤਵੀ ਕਰਨ ਦੀ ਤਿੱਖੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਜਾਂਦੀ ਹੈ । ਮੁੱਖ-ਮੰਤਰੀ ਵੱਲੋਂ ਪਹਿਲਾਂ 25 ਜੁਲਾਈ ਤੇ ਹੁਣ 2 ਅਗਸਤ ਦੀ ਮੀਟਿੰਗ ਮੁਲਤਵੀ ਕਰਨ ਦੇ ਵਿਰੋਧ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਲੋਂ 5 - 6 ਅਗਸਤ ਨੂੰ ਪੰਜਾਬ ਸਰਕਾਰ ਦੀਆਂ ਅਰਥੀਆਂ ਅਤੇ ਲਾਰਿਆਂ ਦੀਆਂ ਪੰਡਾਂ ਫੂਕਣ ਦੇ ਐਕਸ਼ਨਾਂ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸੁਨੀਲ ਕੁਮਾਰ,ਪ੍ਰਿਤਪਾਲ ਸਿੰਘ ਚੰਟਾਲਾ,ਲੈਕਚਰਾਰ ਅਮਰ ਸਿੰਘ, ਲੈਕਚਰਾਰ ਉਪਿੰਦਰ ਸਿੰਘ,ਵਿਕਾਸ ਸ਼ਰਮਾ, ਸੰਜੀਵ ਧੂਤ, ਪ੍ਰਿੰਸ ਗੜ੍ਹਦੀਵਾਲਾ,ਲੈਕਚਰਾਰ ਹਰਵਿੰਦਰ ਸਿੰਘ,ਨਰੇਸ਼ ਕੁਮਾਰ ਮਿੱਢਾ, ਚਮਨ ਲਾਲ,ਅਮਰਜੀਤ ਸਿੰਘ,ਪਰਸ ਰਾਮ,ਬਲਵਿੰਦਰ ਸਿੰਘ, ਰਾਜੇਸ਼ ਅਰੋੜਾ,ਉਮੇਸ ਕੁਮਾਰ,ਸਰਬਜੀਤ ਸਿੰਘ, ਨਰਿੰਦਰ ਮੰਗਲ, ਸਰਬਜੀਤ ਸਿੰਘ, ਸਚਿਨ ਕੁਮਾਰ,ਜਸਵਿੰਦਰਪਾਲ,ਰਾਜ ਕੁਮਾਰ,ਸੰਦੀਪ ਕੁਮਾਰ,ਲੈਕਚਰਾਰ ਪ੍ਰਭਜੋਤ ਸਿੰਘ, ਰਣਵੀਰ ਸਿੰਘ,ਸਤਵਿੰਦਰ ਸਿੰਘ, ਪਰਮਜੀਤ ਸਿੰਘ,ਲੈਕਚਰਾਰ ਪਵਨ ਕੁਮਾਰ ਗੋਇਲ, ਅਸ਼ਵਨੀ ਕੁਮਾਰ, ਨਰਿੰਦਰ ਸਿੰਘ,ਮਾ. ਅਸ਼ੋਕ ਕੁਮਾਰ, ਗੁਰਪ੍ਰੀਤ ਸਿੰਘ, ਅਮਨਪ੍ਰੀਤ ਸਹੋਤਾ, ਪਵਨਦੀਪ ਚੌਧਰੀ, ਤਿਲਕ ਰਾਜ, ਰਜਤ ਮਹਾਜਨ,ਸਰਬਜੀਤ ਸਿੰਘ, ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

ਇੱਕੋ ਰਾਤ ਦੋ ਗੱਡੀਆਂ ਚੋਰੀ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)—ਬੀਤੀ ਰਾਤ ਚੋਰਾਂ ਨੇ ਡੈਮ ਰੋਡ ਸਥਿਤ ਕਬਾੜੀ ਦੀ ਦੁਕਾਨ ਅੱਗੇ ਖੜ੍ਹੀ ਮਹਿੰਦਰਾ ਪਿਕਅੱਪ ਗੱਡੀ ਅਤੇ ਪਿੰਡ ਬਰਿੰਗਲੀ ਦੇ ਅੱਡਾ ਮਹੂ ਦੀ ਹੱਟੀ ਦੇ ਘਰ ਮੂਹਰੇ ਖੜ੍ਹੀ ਮਾਰੂਤੀ ਕਾਰ ਚੋਰੀ ਕਰ ਲਈ। ਤਲਵਾੜਾ ਪੁਲਸ ਨੇ ਚੋਰੀ ਦੇ ਮਾਮਲੇ ਦਰਜ ਕਰਨ ਲਏ ਹਨ। ਸਥਾਨਕ ਪੁਲਸ ਕੋਲ਼ ਦਿੱਤੀ ਲਿਖਤੀ ਸ਼ਿਕਾਇਤ 'ਚ ਪਿੰਡ ਬਰਿੰਗਲੀ ਦੇ ਸਤਵਿੰਦਰ ਕੁਮਾਰ ਨੇ ਦਸਿਆ ਲੰਘੀ ਰਾਤ ਚੋਰ ਉਸਦੇ ਘਰ ਮੂਹਰੇ ਖੜ੍ਹੀ ਮਾਰੂਤੀ ਕਾਰ ਨੰਬਰ ਐਚ ਆਰ 03 ਈ 9185, ਜੋ ਕਿ ਸਿਧਾਰਥ ਭਾਟੀਆ ਦੇ ਨਾਂਅ ਰਜਿਸਟਰ ਹੈ, ਚੋਰੀ ਕਰਕੇ ਲੈ ਗਏ ਹਨ। ਡੈਮ ਰੋਡ ਨਜ਼ਦੀਕ ਟਰੱਕ ਯੂਨੀਅਨ ਕਬਾੜ ਦਾ ਕੰਮ ਕਰਦੇ ਰਵੀ ਕੁਮਾਰ ਪੁੱਤਰ ਜਸਵੰਤ ਸਿੰਘ ਨੇ ਦਸਿਆ ਕਿ ਉਸਨੇ ਆਪਣੀ ਮਹਿੰਦਰਾ ਪਿਕਅੱਪ ਗੱਡੀ ਨੰਬਰ ਐਚ ਪੀ 67 ਏ 3942, ਜੋ ਕਿ ਉਸਦੀ ਪਤਨੀ ਮਧੂ ਕੁਮਾਰੀ ਦੇ ਨਾਂਅ ਰਜਿਸਟਰ ਹੈ, ਰਾਤ ਦੀ ਚੋਰੀ ਹੋ ਗਈ ਹੈ। ਗੱਡੀ ਚੋਰੀ ਦੀ ਜਾਣਕਾਰੀ ਉਸਨੂੰ ਸਵੇਰੇ ਪਤਾ ਚੱਲੀ।ਡੀ ਐਸ ਪੀ ਦਸੂਹਾ ਜਗਦੀਸ਼ ਰਾਜ ਅੱਤਰੀ ਨੇ ਖ਼ੇਤਰ ਵਿਚ ਵਧ ਰਹੀਆਂ ਚੋਰੀ ਦੀਆਂ ਵਾਰਦਾਤਾਂ 'ਤੇ ਕਿਹਾ ਕਿ ਪੁਲਸ ਦੀਆਂ ਵੱਖ ਵੱਖ ਟੀਮਾਂ ਬਣਾ ਕੇ ਇਲਾਕੇ 'ਚ ਪੈਟਰੋਲਿੰਗ ਵਧਾਈ ਗਈ ਹੈ।ਪੰਚਾਇਤਾਂ ਨਾਲ ਮੀਟਿੰਗਾਂ ਕਰਕੇ ਪਿੰਡਾਂ 'ਚ ਠੀਕਰੀ ਪਹਿਰੇ ਲਾਉਣ ਲਈ ਆਖਿਆ ਗਿਆ ਹੈ।

ਪਲੇਸਮੈਂਟ ਕੈਂਪ ਦਾ ਆਯੋਜਨ 6 ਨੂੰ

ਮੋਹਾਲੀ, (ਗੁਰਜੀਤ ਬਿੱਲਾ)- ਪੰਜਾਬ ਸਰਕਾਰ ਦੇ ਮਿਸ਼ਨ ਘਰ-ਘਰ ਰੁਜ਼ਗਾਰ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਰੋਜ਼ਗਾਰ ਦਫਤਰ ਕਮਰਾ ਨੰ. 461, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੈਕਟਰ-76, ਐਸ ਏ ਐਸ ਨਗਰ 6 ਅਗਸਤ (ਮੰਗਲਵਾਰ) ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸਦਾ ਸਮਾਂ ਸਵੇਰੇ 10:00 ਵਜੇ ਤੋਂ ਦੁਪਹਿਰ 1 ਵਜੇ ਤੱਕ ਹੋਵੇਗਾ।ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-ਸੀ ਈ ਓ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਡੀ ਬੀ ਈ ਈ) ਐਸ.ਏ.ਐਸ ਨਗਰ ਸ੍ਰੀਮਤੀ ਸੋਨਮ ਚੌਧਰੀ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਲਗਾਤਾਰ ਕੀਤਾ ਜਾ ਰਿਹਾ ਹੈ, ਜਿਸ 'ਚ ਮੰਗਲਵਾਰ ਨੂੰ ਪਲੇਸਮੈਂਟ ਕੈਂਪ ਆਯੋਜਿਤ ਕੀਤਾ ਜਾਣਾ ਹੈ।ਡੀ.ਬੀ.ਈ.ਈ. ਐਸ.ਏ.ਐਸ ਨਗਰ ਦੇ ਡਿਪਟੀ ਡਾਇਰੈਕਟਰ ਹਰਪ੍ਰੀਤ ਸਿੰਘ ਮਾਨਸ਼ਾਹੀਆਂ ਵੱਲੋਂ ਦੱਸਿਆ ਗਿਆ ਕਿ ਭਲਕੇ ਲੱਗਣ ਵਾਲੇ ਕੈਂਪ ਵਿੱਚ ਨਾਮੀਂ ਕੰਪਨੀਆਂ ਭਾਗ ਲੈ ਰਹੀਆਂ ਹੈ।

ਜ਼ਿਲ੍ਹਾ ਬੈਡਮਿੰਟਨ ਚੈਂਪਿਅਨਸ਼ਿਪ 'ਚ ਲਵਿਕ ਅਰੋੜਾ, ਇਨਾਇਆ ਸੈਣੀ ਨੇ ਜਿੱਤਿਆ ਗੋਲਡ ਮੈਡਲ

ਨਵਾਂਸ਼ਹਿਰ, (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)-ਜਿਲ੍ਹਾ ਬੈਡਮਿੰਟਨ ਐਸੋਸ਼ੀਏਸ਼ਨ, ਨਵਾਂਸ਼ਹਿਰ ਵੱਲੋਂ ਮਿਊਸੀਪਲ ਬੈਡਮਿੰਟਨ ਹਾਲ, ਚੰਡੀਗੜ੍ਹ ਰੋਡ, ਨਵਾਸ਼ਹਿਰ ਵਿਖੇ ਜਿਲ੍ਹਾ ਬੈਡਮਿੰਟਨ ਚੈਂਪਿਅਨਸ਼ਿਪ ਜੂਨੀਅਰ ਅਤੇ ਸਬ-ਜੂਨੀਅਰ ਦੇ ਮੁਕਾਬਕੇ ਕਰਵਾਏ ਗਏ।ਜ਼ਿਲ੍ਹਾ ਖੇਡ ਅਫਸਰ ਸ੍ਰੀਮਤੀ ਵੰਦਨਾ ਚੌਹਾਨ ਨੇ ਦਿੰਦਿਆਂ ਦੱਸਿਆ ਕਿ ਬੈਡਮਿੰਟਨ ਚੈਂਪਿਅਨਸ਼ਿਪ ਵਿੱਚ ਚੱਲ ਰਹੇ ਮੁਕਾਬਲਿਆਂ ਵਿੱਚ ਸ਼ਾਮ 3.00 ਵਜੇ ਤੱਕ ਦੇ ਰਿਜ਼ਲਟ ਇਸ ਤਰਾਂ ਰਹੇ।ਅੰਡਰ-9 ਲੜਕਿਆਂ ਦੇ ਫਾਇਨਲ ਮੁਕਾਬਲੇ ਵਿੱਚ ਖਿਡਾਰੀ ਲਵਿਕ ਅਰੋੜਾ ਨੇ ਖਿਡਾਰੀ ਰਣਫਤਿਹ ਸਿੰਘ ਨੂੰ 21-15, 15-21, 21-14 ਨਾਲ ਹਰਾ ਕੇ ਗੋਲਡ ਮੈਡਲ ਜਿੱਤਿਆ ਅਤੇ ਲੜਕੀਆਂ ਦੇ ਅੰਡਰ-9 ਮੁਕਾਬਲਿਆਂ ਵਿੱਚ ਖਿਡਾਰਨ ਇਨਾਇਆ ਸੈਣੀ ਨੇ ਖਿਡਾਰੀ ਗੁਰਨੂਰ ਕੌਰ ਨੂੰ 21-12, 16-21, 21-13 ਨਾਲ ਹਰਾ ਕੇ ਗੋਲਡ ਮੈਡਲ ਜਿੱਤਿਆ।

ਨਵਜਨਮਿਆਂ ਲਈ ਘੱਟੋ-ਘੱਟ ਛੇ ਮਹੀਨੇ ਤੱਕ ਮਾਂ ਦਾ ਦੁੱਧ ਜ਼ਰੂਰੀ : ਡਾ. ਦਵਿੰਦਰ ਕੁਮਾਰ

ਮੋਹਾਲੀ, (ਗੁਰਜੀਤ ਬਿੱਲਾ)-ਜ਼ਿਲ੍ਹੇ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਵਿਚ 1 ਅਗਸਤ ਤੋਂ 7 ਅਗਸਤ ਤੱਕ ਵਿਸ਼ਵ ਸਤਨਪਾਨ ਹਫ਼ਤਾ ਮਨਾਇਆ ਜਾ ਰਿਹਾ ਹੈ। ਇਸ ਸੰਬੰਧ 'ਚ ਜ਼ਿਲ੍ਹਾ ਹਸਪਤਾਲ ਵਿਖੇ ਸਤਨਪਾਨ ਦੀ ਮਹੱਤਤਾ ਦਰਸਾਉਂਦਾ ਪੋਸਟਰ ਜਾਰੀ ਕੀਤਾ ਗਿਆ ਅਤੇ ਜ਼ਿਲ੍ਹੇ ਦੀਆਂ ਆਸ਼ਾ ਵਰਕਰਾਂ ਨੂੰ ਜ਼ਰੂਰੀ ਜਾਣਕਾਰੀ ਅਤੇ ਹਦਾਇਤਾਂ ਵੀ ਦਿੱਤੀਆਂ ਗਈਆਂ। ਸਿਵਲ ਸਰਜਨ ਡਾ. ਦਵਿੰਦਰ ਕੁਮਾਰ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਇਸ ਹਫ਼ਤੇ ਸਰਕਾਰੀ ਸਿਹਤ ਸੰਸਥਾਵਾਂ 'ਚ ਆਉਣ ਵਾਲੇ ਮਰੀਜ਼ਾਂ ਖ਼ਾਸਕਰ ਗਰਭਵਤੀ ਔਰਤਾਂ ਨੂੰ ਮਾਂ ਦੇ ਦੁੱਧ ਦੀ ਮਹੱਤਤਾ ਬਾਰੇ ਉਚੇਚੇ ਤੌਰ 'ਤੇ ਜਾਣਕਾਰੀ ਦਿੱਤੀ ਜਾ ਰਹੀ ਹੈ। ਡਾ. ਦਵਿੰਦਰ ਕੁਮਾਰ ਨੇ ਕਿਹਾ ਕਿ ਮਾਂ ਦਾ ਦੁੱਧ ਬੱਚੇ ਦੀ ਤੰਦਰੁਸਤੀ ਲਈ ਬੇਹੱਦ ਜ਼ਰੂਰੀ ਹੈ ਕਿਉਂਕਿ ਇਹ ਕਈ ਬੀਮਾਰੀਆਂ ਤੋਂ ਬਚਾਅ ਕਰਦਾ ਹੈ। ਇਸ ਲਈ ਹਰ ਮਾਂ ਨੂੰ ਬੱਚੇ ਦੇ ਜਨਮ ਤੋਂ ਬਾਅਦ ਛੇ ਮਹੀਨੇ ਤਕ ਉਸ ਨੂੰ ਅਪਣਾ ਦੁੱਧ ਪਿਲਾਉਣਾ ਚਾਹੀਦਾ ਹੈ। ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਤਮੰਨਾ ਨੇ ਕਿਹਾ ਕਿ ਮਾਂ ਦਾ ਦੁੱਧ ਬੱਚੇ ਲਈ ਕੁਦਰਤੀ ਅਤੇ ਸੰਪੂਰਨ ਖ਼ੁਰਾਕ ਹੈ, ਇਸ ਲਈ ਬੱਚੇ ਨੂੰ ਹੋਰ ਕਿਸੇ ਤਰ੍ਹਾਂ ਦੇ ਦੁੱਧ, ਪਾਣੀ ਜਾਂ ਹੋਰ ਕਿਸੇ ਖ਼ੁਰਾਕ ਦੀ ਲੋੜ ਨਹੀਂ। ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾ. ਵਿਜੇ ਭਗਤ, ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਹਰਚਰਨ ਸਿੰਘ ਤੇ ਹੋਰ ਸਿਹਤ ਅਧਿਕਾਰੀ ਮੌਜੂਦ ਸਨ।

ਟੈਟਲਮੈਂਟ ਕੰਪਨੀ ਦੀ ਨਵੀਂ ਬਰਾਂਚ ਦਾ ਉਦਘਾਟਨ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)—ਇਥੇ ਟੈਟਲਮੈਂਟ ਇਨਸ਼ੋਰੈਂਸ ਕੰਪਨੀ ਖੋਲ੍ਹੀ ਗਈ ਜਿਸ ਦਾ ਉਦਘਾਟਨ ਨੈਸ਼ਨਲ ਹੈਡ ਨੰਰਥ ਸੰਨੀ ਭਾਟੀਆ ਨੇ ਕੀਤਾ। ਉਹਨਾਂ ਦੱਸਿਆ ਕਿ ਪੂਰੇ ਭਾਰਤ ਵਿੱਚ ਲਗਭਗ ਪੰਜ ਲੱਖ ਏਜੰਟ ਕੰਪਨੀ ਨਾ

ਲੁਕਵੇਂ ਪਰਚੇ
ਆਖਰੀ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 4 ਅਗਸਤ 2024

www.nawanzamana.in

ਕੀਮਤ 5.00 ਰੁਪਏ

ਕਿਤਾਬਾਂ, ਮੈਗਜ਼ੀਨ
ਵਾਜਿਬ ਰੇਟਾਂ 'ਤੇ ਸੁੰਦਰ
ਅਤੇ ਵਧੀਆ ਛਪਾਈ
ਲਈ ਸੰਪਰਕ ਕਰੋ:
ਬਾਗਪੁਰ ਪ੍ਰਿੰਟਰਜ਼, ਜਲੰਧਰ
94174 27538

ਯਾਤਰਾ ਬਿਰਤਾਂਤ-1

ਕਮਲਜੀਤ ਥਾਬਲਕੇ

ਕਸੋਲ ਦੀ ਆਬੋ-ਹਵਾ...

ਹਰ ਕਿਸੇ ਲਈ ਹਿਮਾਚਲ ਪ੍ਰਦੇਸ਼ ਛੁੱਟੀਆਂ ਮਨਾਉਣ ਲਈ ਸਭ ਤੋਂ ਚੰਗੀਆਂ ਥਾਵਾਂ 'ਚੋਂ ਇੱਕ ਮੰਨੀ ਜਾਂਦੀ ਹੈ, ਇਸ 'ਚ ਮਨਾਲੀ ਦੀ ਪਾਰਵਤੀ ਘਾਟੀ ਸਭ ਤੋਂ ਵੱਧ ਮਸ਼ਹੂਰ ਹੈ। ਨੌਜਵਾਨ ਲੜਕੇ-ਲੜਕੀਆਂ ਲਈ ਕਸੋਲ, ਤੋਸ਼, ਖੀਰ ਗੰਗਾ ਤੇ ਇਕਾਂਤ 'ਚ ਵਸਿਆ ਪੁਲਗਾ ਕਾਫ਼ੀ ਪਸੰਦੀਦਾ ਥਾਵਾਂ 'ਚੋਂ ਇੱਕ ਹੈ। ਇਨ੍ਹਾਂ ਸਥਾਨਾਂ 'ਤੇ ਆ ਕੇ ਲੜਕੇ-ਲੜਕੀਆਂ ਆਪਣੀ ਜ਼ਿੰਦਗੀ ਨੂੰ ਖੁੱਲ੍ਹੇ ਕੇ ਜਿਊਂਦੇ ਹਨ। ਪਾਰਵਤੀ ਘਾਟੀ ਬਾਰੇ ਬਹੁਤ ਸਾਰੀਆਂ ਕਹਾਣੀਆਂ ਮਸ਼ਹੂਰ ਹਨ ਉਨ੍ਹਾਂ 'ਚ ਇੱਕ ਕਹਾਣੀ ਕਹਿੰਦੀ ਹੈ ਕਿ ਭਗਵਾਨ ਸ਼ਿਵ ਨੇ 3000 ਸਾਲ ਪਹਿਲਾਂ ਇਸ ਘਾਟੀ 'ਚ ਧਿਆਨ ਕੀਤਾ। ਕਈ ਮੌਸਮ ਆਏ ਤੇ ਕਈ ਲੰਘ ਗਏ, ਉਹ ਧਿਆਨ 'ਚ ਲੀਨ ਬੈਠੇ ਰਹੇ। ਫਿਰ ਇੱਕ ਦਿਨ ਜਦ ਸ਼ਿਵ ਆਪਣੇ ਧਿਆਨ 'ਚੋਂ ਬਾਹਰ ਆਏ ਤਾਂ ਇਸ ਘਾਟੀ ਦੀ ਖੂਬਸੂਰਤੀ ਦੇਖ ਕੇ ਉਹ ਵੀ ਹੈਰਾਨ ਰਹਿ ਗਏ, ਚਾਰੇ ਪਾਸੇ ਹਰਿਆਵਲੀ, ਨੀਲੇ-ਪੀਲੇ ਫੁੱਲ, ਉੱਚੀਆਂ-ਉੱਚੀਆਂ ਚੋਟੀਆਂ 'ਤੇ ਉੱਚੇ-ਉੱਚੇ ਦਰੱਖਤ ਅਸਮਾਨ ਨੂੰ ਛੂਹਣ ਦੀ ਕੋਸ਼ਿਸ਼ ਕਰਦੇ, ਪਹਾੜਾਂ ਦੇ ਪੈਰਾਂ 'ਚ ਵਹਿੰਦੀ ਦੁੱਧ ਰੰਗੀ ਨਦੀ, ਜੋ ਕਈ ਝਰਨਿਆਂ ਦਾ ਪਾਣੀ ਆਪਣੇ ਨਾਲ ਵਹਾਅ ਕੇ ਲਿਜਾ ਰਹੀ ਹੈ। ਘਾਟੀ ਦੇ ਇਸ ਤਰ੍ਹਾਂ ਦੇ ਦ੍ਰਿਸ਼ ਦੇਖ ਕੇ ਸ਼ਿਵ ਵੀ ਦੰਗ ਰਹਿ ਗਏ। ਇਸ ਲਈ ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਸ਼ਿਵ ਨੇ ਇਸ ਘਾਟੀ ਦਾ ਨਾਂਅ ਆਪਣੀ ਪਤਨੀ ਪਾਰਵਤੀ ਦੇ ਨਾਂਅ 'ਤੇ ਰੱਖ ਦਿੱਤਾ, ਜਿਸ ਨੂੰ ਅੱਜ ਲੋਕ 'ਪਾਰਵਤੀ' ਘਾਟੀ ਕਹਿੰਦੇ ਹਨ। ਪਹਿਲੀ ਨਜ਼ਰੇ ਦੇਖਣ ਨਾਲ ਘਾਟੀ ਬਹੁਤ ਖੂਬਸੂਰਤ ਦਿਖਾਈ ਦਿੰਦੀ ਹੈ, ਪਰ ਜਦ ਅਸੀਂ ਇਸ ਘਾਟੀ 'ਚ ਕੁਝ ਦਿਨ ਬਿਤਾਉਂਦੇ ਹਾਂ ਤਾਂ ਖੂਬਸੂਰਤੀ ਦੇ ਨਾਲ-ਨਾਲ ਇਸ 'ਚ ਕਈ ਥਾਵਾਂ 'ਤੇ ਧੱਬੇ ਵੀ ਦਿਖਾਈ ਦਿੰਦੇ ਹਨ। ਜਿਵੇਂ ਧਰਤੀ ਤੋਂ ਦੇਖਣ 'ਤੇ ਪੂਰਨਮਾਸ਼ੀ ਦਾ ਚੰਦ ਖੂਬਸੂਰਤ ਤਾਂ ਲੱਗਦਾ ਹੈ ਤੇ ਨਾਲ ਇਸ 'ਚ ਵੀ ਕਾਲੇ ਧੱਬੇ ਦਿਖਾਈ ਦਿੰਦੇ ਹਨ। ਹਰ ਖੂਬਸੂਰਤ ਸ਼ੈਅ ਜਿੰਨੀ ਸੁੰਦਰ ਦਿਖਾਈ ਦੇਵੇ, ਅੰਦਰੋਂ ਓਨੀ ਹੀ ਖ਼ਤਰਨਾਕ ਹੁੰਦੀ ਹੈ। ਜਿਵੇਂ ਅਸੀਂ ਕਈ ਵਾਰ ਕਿਸੇ ਤਲਵਾਰ ਨੂੰ ਦੇਖਦੇ ਹਾਂ, ਜਿਸ 'ਤੇ ਖੂਬਸੂਰਤ ਨਿਕਾਸ਼ੀ ਕੀਤੀ ਹੁੰਦੀ ਹੈ ਤੇ ਸਾਡੇ ਮੂੰਹੋਂ ਸਹਿ-ਸੁਭਾਅ ਹੀ ਨਿਕਲ ਜਾਂਦਾ ਹੈ—'ਕਿਆ ਖੂਬਸੂਰਤ ਤਲਵਾਰ ਹੈ', ਪਰ ਅਸੀਂ ਭੁੱਲ ਜਾਂਦੇ ਹਾਂ ਇਹ ਜਾਨ ਵੀ ਲੈ ਸਕਦੀ ਹੈ। ਪਾਰਵਤੀ ਘਾਟੀ ਵੀ ਇਸੇ ਤਰ੍ਹਾਂ ਹੀ ਹੈ, ਖੂਬਸੂਰਤ ਤਾਂ ਹੈ ਹੀ, ਇਸ 'ਚ ਕੋਈ ਦੋ ਰਾਵਾਂ ਨਹੀਂ, ਪਰ ਇਸ ਘਾਟੀ 'ਚ ਬਹੁਤ ਸਾਰੀਆਂ ਜਾਨਾਂ ਗੁੰਮ ਜਾਂ ਕਹਿ ਲਵੋ ਦਫ਼ਨ ਹਨ।

ਇਹ ਸਭ ਕੁਝ ਦੇਖਣ ਅਤੇ ਅਨੁਭਵ ਕਰਨ ਲਈ ਤੁਹਾਨੂੰ ਹਿਮਾਚਲ ਦੇ ਭੂੰਤਰ ਪਹੁੰਚਣਾ ਹੋਵੇਗਾ। ਮੇਰਾ ਇੱਥੇ ਪਹੁੰਚਣ ਦਾ ਸਬੱਬ ਅਚਾਨਕ ਹੀ ਬਣ ਗਿਆ। ਇੱਕ ਦਿਨ ਸਵੇਰੇ-ਸਵੇਰੇ ਮੇਰੇ ਫੇਸਬੁਕ 'ਤੇ ਕਸੋਲ ਦੇ ਰਹਿਣ ਵਾਲੇ ਲੱਭੂ ਨਾਂਅ ਦੇ ਲੜਕੇ ਦਾ ਇੱਕ ਮੈਸੇਜ ਆਇਆ ਤੇ ਲਿਖਿਆ ਸੀ ਕਿ ਕੀ ਤੂੰ 'ਪਿਨ ਪਾਰਵਤੀ ਟਰੈਕ' ਕਰਨਾ ਚਾਹੁੰਦਾਂ। 'ਅੰਨਾ ਕੀ ਭਾਲੇ ਦੋ ਅੱਖਾਂ', ਮੈਂ ਉਸ ਨੂੰ ਜਲਦੀ ਨਾਲ ਮੈਸੇਜ ਲਿਖ ਕੇ ਭੇਜ ਦਿੱਤਾ ਕਿ ਇਸ 'ਚ ਪੁੱਛਣ ਵਾਲੀ ਕਿਹੜੀ ਗੱਲ। ਇਸ ਤੋਂ ਪਹਿਲਾਂ ਕਿ ਉਸ ਦਾ ਦੂਜਾ ਮੈਸੇਜ ਆਉਂਦਾ, ਮੇਰੇ ਦਿਮਾਗ 'ਚ ਹਲਚਲ ਹੋਣ ਲੱਗੀ ਕਿ ਮੈਂ ਤਾਂ ਇਸ ਦੀ ਤਿਆਰੀ ਵੀ ਨਹੀਂ ਕਰ ਸਕਣਾ, ਪਰ ਫਿਰ ਵੀ ਮਨ 'ਚ ਇਸ ਟਰੈਕ ਨੂੰ ਕਰਨ ਦਾ ਇਰਾਦਾ ਸੀ, ਇਸ ਬਾਰੇ ਬਹੁਤ ਵਾਰ ਸੋਚਿਆ ਵੀ ਸੀ, ਪਰ ਇਸ ਦੇ ਬਜਟ ਤੋਂ ਡਰ ਕੇ ਹਰ ਵਾਰ ਰਹਿ ਜਾਂਦਾ, ਕਿਉਂਕਿ ਇਹ ਬਹੁਤ ਲੰਮਾ ਤੇ ਖਰਚੀਲਾ ਟਰੈਕ ਹੈ। ਖੈਰ, ਉਸ ਨੇ ਮੈਨੂੰ 22 ਜੂਨ ਨੂੰ ਕਸੋਲ ਪਹੁੰਚਣ ਲਈ ਕਹਿ ਦਿੱਤਾ। ਆਪਾਂ ਦੋ ਦਿਨ ਪਹਿਲਾਂ ਪਹੁੰਚਣ ਦਾ ਪ੍ਰੋਗਰਾਮ ਬਣਾ ਲਿਆ ਤੇ 20 ਜੂਨ ਨੂੰ ਚੰਡੀਗੜ੍ਹ ਤੋਂ ਮਨਾਲੀ ਦੀ ਬੱਸ ਲਈ, ਜੋ ਬਹੁਤ ਥਕਾਅ ਦੇਣ ਵਾਲਾ ਸਫ਼ਰ ਸਾਬਿਤ ਹੋਇਆ, ਉਪਰੋਂ ਗਰਮੀ ਨਾਲ ਬੁਰਾ ਹਾਲ। ਸੋਚਿਆ ਕਿ ਜਦ ਬੱਸ ਥੋੜ੍ਹਾ ਪਹਾੜਾਂ 'ਤੇ ਪਹੁੰਚੇਗੀ ਤਾਂ ਗਰਮ ਦੀ ਜਗ੍ਹਾ ਠੰਢੀਆਂ ਹਵਾਵਾਂ ਲੈ ਲਵੇਗੀ, ਠੰਡਕ ਮਹਿਸੂਸ ਹੋਵੇਗੀ, ਪਰ ਇਹ ਸਭ ਮਨ ਦਾ ਵਹਿਮ ਹੀ ਸਾਬਿਤ ਹੋਇਆ।

ਜਦ ਹਿਮਾਚਲ ਰੋਡਵੇਜ਼ ਦੀ ਬੱਸ ਚੰਡੀਗੜ੍ਹ ਤੋਂ ਨਿਕਲ ਕੇ ਖਰੜ, ਰੂਪਨਗਰ ਤੋਂ ਹੁੰਦੀ ਹੋਈ ਕੀਰਤਪੁਰ ਪਹੁੰਚੀ ਤਾਂ ਥੋੜ੍ਹੇ ਪਹਾੜ ਦਿਖਾਈ ਦਿੱਤੇ, ਲੱਗਾ ਹੁਣ ਗਰਮੀ ਤੋਂ ਛੁਟਕਾਰਾ ਮਿਲੇਗਾ, ਪਰ ਨਹੀਂ। ਫਿਰ ਅੱਗੇ ਜਾ ਕੇ ਹਿਮਾਚਲ ਦਾ ਸੁੰਦਰ ਨਗਰ ਨਾਂਅ ਦਾ ਸ਼ਹਿਰ ਆਇਆ, ਉੱਚੇ-ਉੱਚੇ ਪਹਾੜਾਂ 'ਚ ਵਸਿਆ ਕਾਫ਼ੀ ਚਹਿਲ-ਪਹਿਲ ਵਾਲਾ ਸ਼ਹਿਰ, ਪਰ ਗਰਮੀ ਨੇ ਇੱਥੇ ਵੀ ਪਿੱਛਾ ਨਹੀਂ ਛੱਡਿਆ। ਇੱਥੋਂ ਤੱਕ ਮੰਡੀ ਸ਼ਹਿਰ 'ਚ ਵੀ ਕਹਿਰ ਦੀ ਗਰਮੀ ਨੇ ਪਸੀਨੇ ਛੁਡਵਾ ਦਿੱਤੇ। ਖ਼ਬਰਾਂ ਤਾਂ ਰੋਜ਼ ਸੁਣਦੇ ਸਾਂ ਕਿ ਪਹਾੜਾਂ 'ਚ ਵੀ ਇਸ ਵਾਰ ਗਰਮੀ ਨੇ ਵੱਟ ਕੱਢੇ ਹੋਏ ਹਨ, ਅੱਜ ਇੱਥੇ ਆ ਕੇ ਦੇਖਿਆ ਤੇ ਮਹਿਸੂਸ ਵੀ ਕਰ ਲਿਆ। ਫਿਰ ਸੋਚਣ ਲਈ ਮਜਬਰ ਵੀ ਹੋਇਆ ਕਿ ਪਹਾੜਾਂ 'ਚ ਏਨੀ ਗਰਮੀ ਕਿਉਂ? ਪਹਿਲਾ ਕਾਰਨ ਤਾਂ ਇਹ ਲੱਗਾ ਕਿ ਮਨਾਲੀ ਜਾਣ ਲਈ ਲੋਕਾਂ ਦੀ ਭੀੜ ਤੇ ਸੜਕਾਂ 'ਤੇ ਵਾਹਨਾਂ ਦੀ ਘੜਮੱਸ, ਥਾਂ-ਥਾਂ ਲੰਮੇ-ਲੰਮੇ ਘੰਟਿਆਂਬੱਧੀ ਜਾਮ 'ਚ ਰੀਂਗਦੀਆਂ ਕਾਰਾਂ-ਬੱਸਾਂ ਤੇ ਮੋਟਰਸਾਈਕਲ। ਪਹਾੜਾਂ 'ਤੇ ਗਰਮੀ ਦਾ ਪਹੁੰਚਣਾ ਵੀ ਸਾਡੀ ਹੀ ਗਲਤੀ ਹੈ। ਅਸੀਂ ਹਰ ਸਾਲ ਗਰਮੀਆਂ ਨੂੰ ਠੰਢੇ ਸਥਾਨਾਂ ਵੱਲ ਭੱਜਦੇ ਹਾਂ ਤੇ ਉਥੇ ਪ੍ਰਦੂਸ਼ਣ ਫੈਲਾਉਂਦੇ ਹਾਂ, ਜਿਸ ਨਾਲ ਬਰਫ਼ ਦਾ ਪਿਘਲਣਾ ਵਧਦਾ ਜਾ ਰਿਹਾ ਹੈ, ਗਲੇਸ਼ੀਅਰ ਘਟਦੇ ਜਾ ਰਹੇ ਹਨ। ਇੱਕ ਕਾਰਨ ਇਹ ਵੀ ਕਹਿ ਸਕਦੇ ਹਾਂ ਕਿ ਅਸੀਂ ਸੁਵਿਧਾਵਾਂ ਲਈ ਸਰਕਾਰਾਂ 'ਤੇ ਦਬਾਅ ਪਾਉਂਦੇ ਹਾਂ ਕਿ ਸੜਕਾਂ ਛੋਟੀਆਂ ਨੇ, ਤੰਗ ਨੇ, ਇਸ ਨੂੰ ਲੈ ਕੇ ਧਰਨੇ/ ਮੁਜ਼ਾਹਰੇ ਕਰਦੇ ਹਾਂ ਤਾਂ ਸਰਕਾਰਾਂ ਕੀ ਕਰਨ, ਉਹ ਪਹਾੜਾਂ ਨੂੰ ਕੱਟ ਕੇ ਸੜਕਾਂ ਚੌੜੀਆਂ ਕਰ ਦਿੰਦੀਆਂ ਤੇ ਪਹਾੜ ਖ਼ਤਮ ਹੋ ਰਹੇ ਹਨ। ਜੋ ਪਹਾੜਾਂ 'ਤੇ ਦਰੱਖ਼ਤ ਹੁੰਦੇ ਹਨ, ਉਹ ਵੀ ਤਬਾਹ ਹੋ ਰਹੇ ਹਨ, ਕੁਦਰਤ ਨਾਲ ਖਿਲਵਾੜ ਦਾ ਖਮਿਆਜ਼ਾ ਭੁਗਤਣਾ ਤਾਂ ਇਨਸਾਨ ਨੇ ਹੀ ਹੈ। ਬਰਫ਼ ਵਾਲੇ ਗਲੇਸ਼ੀਅਰ ਹੋਰ ਉਚਾਈ ਵੱਲ ਜਾ ਰਹੇ ਹਨ, ਇੱਕ ਤਰ੍ਹਾਂ ਨਾਲ ਕਹਿ ਸਕਦੇ ਹਾਂ ਪਹਾੜਾਂ 'ਤੇ ਬਰਫ਼ ਵੀ ਘਟਦੀ ਜਾ ਰਹੀ ਹੈ। ਅਸੀਂ ਵੀ ਉਸ ਦੇ ਪਿੱਛੇ-ਪਿੱਛੇ ਹੋਰ ਉਚਾਈ ਵਾਲੀਆਂ ਥਾਵਾਂ ਵੱਲ ਜਾ ਰਹੇ ਹਾਂ। ਇੱਕ ਦਿਨ ਆਵੇਗਾ, ਜਦ ਬਰਫ਼ ਹੋਰ ਉਚਾਈ ਵੱਲ ਚਲੀ ਜਾਵੇਗੀ। ਇਸ 'ਚ ਕਿਸੇ ਦੂਜੇ ਦਾ ਦੋਸ਼ ਨਹੀਂ, ਇਹ ਸਭ ਕੁਝ ਸਾਡਾ ਹੀ ਕਾਰਾ ਹੈ।

ਚੰਡੀਗੜ੍ਹ ਤੋਂ ਭੂੰਤਰ ਤੱਕ ਦਾ ਸਫ਼ਰ 223 ਕਿਲੋਮੀਟਰ ਲੰਮਾ ਹੈ, ਜਿਸ ਨੂੰ ਬੱਸ 5 ਤੋਂ 6 ਘੰਟਿਆਂ 'ਚ ਪੂਰਾ ਕਰਦੀ, ਹਾਂ, ਜੇ ਜਾਮ ਨਾਂਅ ਦਾ ਦੌਂਤ ਰਸਤੇ 'ਚ ਨਾ ਮਿਲੇ। ਚੰਡੀਗੜ੍ਹ ਤੋਂ ਭੂੰਤਰ ਤੱਕ 223 ਕਿਲੋਮੀਟਰ ਦੇ ਸਫ਼ਰ 'ਚ ਬੱਸ ਅੰਦਰ ਬੈਠਿਆਂ ਜਦ ਬੱਸ ਪਹਿਲੀ ਸੁਰੰਗ ਦੇ ਅੰਦਰ ਗਈ ਤਾਂ ਗੇਟ 'ਤੇ ਪਹਿਲੀ ਸੁਰੰਗ ਲਿਖਿਆ ਦੇਖਿਆ, ਮੈਂ ਚੌਕਸ ਹੋ ਗਿਆ ਕਿ ਹੋਰ ਵੀ ਸੁਰੰਗਾਂ ਆਉਣਗੀਆਂ। ਸੁਰੰਗ 'ਚ ਜਾਂਦੇ ਹੀ ਬੱਸ 'ਚ ਗਰਮੀ ਦਾ ਅਹਿਸਾਸ ਵੀ ਹੋਰ ਵਧ ਗਿਆ। ਇਸ 223 ਕਿਲੋਮੀਟਰ 'ਚ ਪਹਾੜਾਂ ਦੇ ਸੀਨੇ ਚੀਰ ਕੇ ਲੋਕਾਂ ਦੀ ਸੁਵਿਧਾ ਲਈ ਲਗਭਗ 14 ਸੁਰੰਗਾਂ ਬਣਾਈਆਂ ਗਈਆਂ ਹਨ। ਪਹਿਲੀ ਸੁਰੰਗ ਕੈਂਚੀ ਮੋੜ ਤੋਂ ਸ਼ੁਰੂ ਹੁੰਦੀ ਤੇ ਆਖਰੀ 14ਵੀਂ ਸੁਰੰਗ ਓਟ ਪਿੰਡ ਦੀ ਹੈ, ਜੋ ਹਾਲੇ ਕੱਚੀ ਤੇ ਇਨ੍ਹਾਂ ਸੁਰੰਗਾਂ 'ਚੋਂ ਸਭ ਤੋਂ ਲੰਮੀ ਵੀ ਹੈ, ਕੋਈ 5 ਕਿਲੋਮੀਟਰ ਦੀ ਹੋਵੇਗੀ।

ਸੁਰੰਗਾਂ ਤਾਂ ਅਸੀਂ ਆਪਣੀਆਂ ਸੁਵਿਧਾਵਾਂ ਲਈ ਬਣਾ ਲਈਆਂ, ਇਨ੍ਹਾਂ ਰਾਹੀਂ ਅੱਜ ਜਾਮ ਤੋਂ ਬਚ ਕੇ ਜਲਦ ਹੀ ਆਪਣੀ ਮੰਜ਼ਲ ਤੱਕ ਪਹੁੰਚ ਵੀ ਜਾਂਦੇ ਹਾਂ, ਪਰ ਪਹਾੜਾਂ ਦੇ ਸੀਨੇ ਚੀਰ ਕੇ ਇਨ੍ਹਾਂ ਸੁਰੰਗਾਂ ਨੂੰ ਬਣਾਉਣਾ ਕਿੰਨਾ ਕੁ ਸਹੀ ਹੈ। ਕਹਿੰਦੇ ਹਨ ਪਹਾੜ 'ਚ ਵੀ ਜਾਨ ਵਸਦੀ ਹੈ ਤੇ ਇਹ ਵੀ ਸਾਹ ਲੈਂਦੇ ਹਨ। ਫਿਰ ਜਦ ਅਸੀਂ ਇਨ੍ਹਾਂ ਪਹਾੜੀਆਂ 'ਚ ਵੱਡੀਆਂ-ਵੱਡੀਆਂ ਮਸ਼ੀਨਾਂ ਰਾਹੀਂ ਇਹਨਾਂ ਨੂੰ ਚੀਰਦੇ ਹਾਂ ਤਾਂ ਕੁਦਰਤ ਵੀ ਦਰਦ ਮਹਿਸੂਸ ਕਰਦੀ ਹੈ, ਅਸੀਂ ਕਿਸੇ ਨੂੰ ਜੋ ਦਿੰਦੇ ਹਾਂ, ਉਹ ਸਾਨੂੰ ਵਾਪਸ ਵੀ ਮਿਲਦਾ ਹੈ, ਫਿਰ ਚਾਹੇ ਉਹ ਦਰਦ ਹੋਵੇ ਜਾਂ ਪਿਆਰ।

ਇਸ ਜਗ੍ਹਾ ਵੱਲ ਇਹ ਮੇਰੀ ਪਹਿਲੀ ਫੇਰੀ ਤਾਂ ਨਹੀਂ ਸੀ, 10-12 ਸਾਲ ਪਹਿਲਾਂ ਇੱਕ ਵਾਰ ਮਨੀਕਰਨ ਗਿਆ ਸੀ। ਉਸ ਸਮੇਂ ਜਲੰਧਰ ਤੋਂ ਰਾਤ ਨੂੰ ਮਨੀਕਰਨ ਵਾਲੀ ਬੱਸ ਲਈ ਸੀ, ਜੋ ਪੂਰੀ ਤੁੰਨੀ ਹੋਈ ਸੀ। ਮੇਰੇ ਨਾਲ ਉਸ ਸਮੇਂ ਮੇਰੇ ਇੱਕ-ਦੋ ਦੋਸਤ ਵੀ ਸਨ। ਅਸੀਂ ਸਾਰਿਆਂ ਨੇ ਉਸ ਸਮੇਂ ਬੱਸ ਦੀਆਂ ਪੌੜੀਆਂ 'ਚ ਬੈਠ ਕੇ ਸਫ਼ਰ ਤੈਅ ਕੀਤਾ, ਜੋ ਅੱਜ ਤੱਕ ਯਾਦ ਹੈ, ਸਿਰਫ਼ ਕਸੋਲ ਕੋਲ ਆ ਕੇ ਸੀਟਾਂ ਮਿਲੀਆਂ ਸਨ, ਉਸ ਸਮੇਂ ਕਸੋਲ 'ਚ ਏਨੀ ਇਮਾਰਤਾਂ ਦੀ ਭੀੜ ਵੀ ਨਹੀਂ ਸੀ, ਪਰ ਅੱਜ ਸਭ ਕੁਝ ਬਦਲ ਗਿਆ, ਚਾਰੇ ਪਾਸੇ ਵੱਡੀਆਂ-ਵੱਡੀਆਂ ਇਮਾਰਤਾਂ, ਚੌੜੀਆਂ ਸੜਕਾਂ, ਜੋ ਤੁਹਾਨੂੰ ਆਪਣੀ ਮੰਜ਼ਲ ਤੱਕ ਪਹੁੰਚਾਉਣ ਲਈ ਕਿਸੇ ਤੋਂ ਪੁੱਛਣ ਲਈ ਮਜਬੂਰ ਕਰਦੀਆਂ ਹਨ। ਇਸ ਲਈ ਆਪਾਂ ਕੰਡਕਟਰ ਨੂੰ ਪੁੱਛਿਆ ਕਿ ਮੈਂ ਕਸੋਲ ਜਾਣਾ ਤਾਂ ਉਸ ਨੇ ਮੈਨੂੰ ਭੂੰਤਰ ਦੇ ਇੱਕ ਚੌਕ 'ਚ ਉਤਾਰ ਦਿੱਤਾ ਤੇ ਦੱਸਿਆ ਕਿ ਉਹ ਸਾਹਮਣੇ ਲਾਲ ਰੰਗ ਦੀ ਬੱਸ ਖੜੀ ਹੈ, ਜੋ ਤੈਨੂੰ ਕਸੋਲ ਲੈ ਜਾਵੇਗੀ। ਉਤਰਦੇ ਸਾਰ ਹੀ ਮੈਂ ਉਸ ਬੱਸ 'ਚ ਸਵਾਰ ਹੋ ਗਿਆ। ਅੱਜ ਫਿਰ 10-12 ਸਾਲ ਬਾਅਦ ਮਨੀਕਰਨ ਦੇ ਰਸਤੇ 'ਤੇ ਹਾਂ, ਪਰ ਬੱਸ ਦੀ ਸੀਟ 'ਤੇ ਅਰਾਮ ਕਰ ਰਿਹਾ ਹਾਂ ਤੇ ਸ਼ੁਰੂਆਤੀ ਰਸਤੇ 'ਤੇ ਉਡਦੀ ਮਿੱਟੀ ਤੇ ਡੱਕੇ-ਡੋਲੇ ਖਾਂਦੀ ਬੱਸ ਉਪਰ ਨੂੰ ਜਾ ਰਹੀ ਹੈ। ਨਾਲ ਹੀ ਪਾਰਵਤੀ ਨਦੀ ਆਪਣੇ ਪੂਰੇ ਵੇਗ ਨਾਲ ਉਪਰੋਂ ਥੱਲੇ ਨੂੰ ਆ ਰਹੀ ਹੈ, ਜਿਸ ਦੇ ਪਾਣੀ ਦੀ ਆਵਾਜ਼ ਮੈਨੂੰ ਬੱਸ 'ਚ ਵੱਜਦੇ ਸਪੀਕਰ 'ਚ ਵੀ ਸਾਫ਼ ਸੁਣਾਈ ਦੇ ਰਹੀ ਹੈ। ਕਦੇ-ਕਦੇ ਕੋਈ ਸੇਬ ਦਾ ਬੂਟਾ ਆ ਜਾਂਦੇ ਤਾਂ ਮੇਰਾ ਧਿਆਨ ਪਾਰਬਤੀ ਨਦੀ ਨਾਲ ਲੱਗੀ ਇਕਾਗਰਤਾ ਨੂੰ ਭੰਗ ਕਰ ਦਿੰਦਾ, ਫਿਰ ਜਦ ਲੰਘ ਜਾਂਦਾ ਤਾਂ ਮੈਂ ਫਿਰ ਨਦੀ ਦੇ ਪਾਣੀ 'ਚ ਡੁੱਬ ਜਾਂਦਾ।

ਭੂੰਤਰ ਤੋਂ ਕਸੋਲ ਕੋਈ ਜ਼ਿਆਦਾ ਦੂਰ ਨਹੀਂ, ਸਿਰਫ਼ ਡੇਢ ਘੰਟੇ ਦਾ ਸਫ਼ਰ ਹੋਣਾ, ਰਸਤੇ 'ਚ ਤੁਹਾਨੂੰ ਬਾਈਕਰ ਦਨਦਨਾਉਂਦੇ ਮਿਲਦੇ ਹਨ, ਜੋ ਆਪਣੀਆਂ ਲੰਮੀਆਂ ਯਾਤਰਾਵਾਂ 'ਤੇ ਨਿਕਲੇ ਹੁੰਦੇ ਹਨ। ਬੱਸ ਨੇ ਜਦ ਮੈਨੂੰ ਕਸੋਲ ਬੱਸ ਅੱਡਾ ਤਾਂ ਨਹੀਂ ਕਹਿ ਸਕਦਾ, ਪਰ ਉਥੇ ਉਤਾਰਿਆ ਤਾਂ ਸ਼ਾਮ ਦੇ ਕੋਈ 5 ਕੁ ਵੱਜ ਰਹੇ ਸਨ, ਮੇਰੇ ਚਾਰੇ ਪਾਸੇ ਲੋਕਾਂ ਦਾ ਹੜ੍ਹ ਆਇਆ ਹੋਇਆ ਸੀ। ਬੱਸ ਲੰਘੀ ਤਾਂ ਸੜਕ ਦੇ ਦੂਜੇ ਪਾਸੇ ਨਜ਼ਰਾਂ ਗਈਆਂ ਇੱਕ ਦੁਕਾਨ 'ਤੇ, ਲੋਕਾਂ ਦੀ ਏਨੀ ਭੀੜ, ਹਰ ਕੋਈ ਇੱਕ-ਦੂਜੇ 'ਤੇ ਚੜ੍ਹਿਆ ਹੋਈਆ। ਜਦ ਗਹੁ ਨਾਲ ਦੇਖਿਆ ਤਾਂ ਇਹ ਸ਼ਰਾਬ ਦਾ ਠੇਕਾ ਸੀ। ਸੋਚਿਆ ਕਿ ਏਨੀ ਭੀੜ ਤਾਂ ਮੇਰੇ ਸ਼ਹਿਰ 'ਚ ਜਦ ਠੇਕੇ ਟੁੱਟਦੇ, ਉਸ ਸਮੇਂ ਵੀ ਨਹੀਂ ਹੁੰਦੀ, ਜਿੰਨੀ ਇਸ ਸਮੇਂ ਇੱਥੇ ਹੈ। ਬੱਸ 'ਚੋਂ ਉਤਰਦੇ ਸਾਰ ਜੋ ਦੇਖਿਆ ਇਹ ਪਹਿਲੀ ਤਸਵੀਰ ਸੀ ਕਸੋਲ ਦੀ। ਜਿਵੇਂ-ਜਿਵੇਂ ਰਾਤ ਕਾਲੀ ਹੁੰਦੀ ਜਾਂਦੀ ਹੈ, ਇੱਥੇ ਨਸ਼ਾ ਕਰਨ ਵਾਲਿਆਂ ਦੀ ਖੁਸ਼ੀ ਵੀ ਵਧਦੀ ਜਾਂਦੀ, ਇੱਥੇ ਤੁਹਾਨੂੰ ਹਰ ਪ੍ਰਕਾਰ ਦਾ ਨਸ਼ਾ ਮਿਲ ਜਾਂਦਾ, ਸਭ ਤੋਂ ਵੱਧ ਭੰਗ ਤੇ ਚਰਸ ਪੀਣ ਵਾਲਿਆਂ ਲਈ ਇਹ ਜਗ੍ਹਾ ਕਿਸੇ ਜੰਨਤ ਤੋਂ ਘੱਟ ਨਹੀਂ। ਦਿਨ-ਰਾਤ ਕਈ ਤਾਂ ਭੰਗ ਦੇ ਨਸ਼ੇ 'ਚ ਲੋਟ ਏਧਰ-ਓਧਰ ਮਾਰਕੀਟ 'ਚ ਜਾਂ ਫਿਰ ਕਿਤੇ ਸੁੰਨਸਾਨ ਜਗ੍ਹਾ 'ਤੇ ਪਏ ਰਹਿੰਦੇ ਹਨ।

ਕਸੋਲ ਮਾਰਕੀਟ ਛੋਟੀ ਜਿਹੀ ਹੀ ਹੈ, ਚਾਰ ਕਦਮ ਏਧਰ ਨੂੰ ਚੱਲੋ ਤੇ ਚਾਰ ਉਧਰ, ਨੂੰ ਪੂਰੀ ਹੋ ਜਾਂਦੀ, ਲੋਕਾਂ ਦੀ ਭੀੜ 'ਚ ਮੋਢੇ ਵੱਜਦੇ ਹੋਏ ਤੁਸੀਂ ਇਸ ਮਾਰਕੀਟ ਦਾ ਨਜ਼ਰਾ ਲੈ ਸਕਦੇ ਹੋ। ਇੱਥੇ ਹੀ ਮੈਨੂੰ ਮੇਰੇ ਦੋਸਤ ਲੱਭੂ ਨੂੰ ਮਿਲਣਾ ਸੀ, ਜੋ ਇੱਥੇ ਕਸੋਲ ਦੇ ਲਾਗੇ ਹੀ ਥੋੜ੍ਹੀ ਜਿਹੀ ਜਗ੍ਹਾ ਲੀਜ਼ 'ਤੇ ਲੈ ਕੇ ਉਥੇ ਟੈਂਟ ਲਾ ਕੇ ਆਪਣਾ ਕੰਮ ਚਲਾਉਂਦਾ ਅਤੇ ਟਰੈਕਿੰਗ ਦਾ ਕੰਮ ਵੀ ਕਰਦਾ ਹੈ, ਜੋ ਪਾਰਵਤੀ ਘਾਟੀ 'ਚ ਟਰੈਕ ਹਨ, ਉਨ੍ਹਾਂ ਨੂੰ ਕਰਾਉਣ ਲਈ ਗਾਈਡ ਦੇ ਰੂਪ 'ਚ ਨਾਲ ਜਾਂਦਾ। ਜਦ ਉਸ ਨੂੰ ਮੈਂ ਫੋਨ ਕੀਤਾ ਤਾਂ ਉਹ ਵੀ ਇਸੇ ਮਾਰਕੀਟ 'ਚ ਆਪਣੇ ਅਗਲੇ ਟਰੈਕ ਲਈ ਸ਼ਾਪਿੰਗ

ਸੰਸਾਰ ਇੱਕ ਵੱਡੀ ਜੰਗ ਵੱਲ ਵਧਦਾ ਜਾਂ ਵਧਾਇਆ ਜਾ ਰਿਹਾ ਜਾਪਦੈ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਚੋਣਾਂ ਦਾ ਚੱਕਰ ਇਹੋ ਜਿਹਾ ਹੈ ਕਿ ਜਿਨ੍ਹਾਂ ਨੇ ਅੱਖ ਸਿਰਫ ਕੁਰਸੀ ਉੱਤੇ ਟਿਕਾਈ ਹੋਵੇ, ਉਹ ਝੂਠ ਦਾ ਤੂਫਾਨ ਬਣਾਉਣ ਵਿੱਚ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਸਾਨੂੰ ਇਹ ਗੱਲ ਯਾਦ ਹੈ ਅਤੇ ਸਦਾ ਲਈ ਯਾਦ ਰਹੇਗੀ ਕਿ ਪ੍ਰਸਿੱਧ ਸੁਤੰਤਰਤਾ ਸੰਗਰਾਮੀਏ ਬਾਬਾ ਗੁਰਦਿੱਤ ਸਿੰਘ ਕਾਮਾ ਗਾਟਾ ਮਾਰੂ ਵਿਰੁੱਧ ਪੰਜਾਬ ਦੇ ਇੱਕ ਸਾਬਕਾ ਮੁੱਖ ਮੰਤਰੀ ਨੇ ਜਦੋਂ ਵਿਧਾਨ ਸਭਾ ਦੀ ਚੋਣ ਲੜੀ ਤਾਂ ਬਾਬਾ ਜੀ ਉੱਤੇ ਬਹੁਤ ਘਟੀਆ ਦੂਸ਼ਣ ਲਾਉਂਦਾ ਰਿਹਾ ਸੀ ਤੇ ਸਾਊ ਸੁਭਾਅ ਦੇ ਬਾਬਾ ਜੀ ਉਨ੍ਹਾਂ ਦਾ ਯੋਗ ਖੰਡਨ ਵੀ ਨਹੀਂ ਸਨ ਕਰ ਸਕੇ। ਨਤੀਜਾ ਆਇਆ ਅਤੇ ਝੂਠ ਦੇ ਫੁੱਫੜ ਉਸ ਕਾਂਗਰਸੀ ਆਗੂ ਨੇ ਚੰਡੀਗੜ੍ਹ ਜਾ ਕੇ ਮੰਤਰੀ ਅਹੁਦੇ ਦੀ ਸਹੁੰ ਚੁੱਕੀ ਅਤੇ ਫਿਰ ਆਪਣੇ ਪਿੰਡ ਨੂੰ ਜਾਣ ਤੋਂ ਪਹਿਲਾਂ ਬਾਬਾ ਜੀ ਦੇ ਪੈਰੀਂ ਹੱਥ ਲਾਉਣ ਅਤੇ ਜੋ ਵੀ 'ਮਾੜਾ-ਚੰਗਾ ਬੋਲਿਆ ਗਿਆ', ਉਸ ਦੀ ਮੁਆਫੀ ਮੰਗਣ ਗਿਆ ਸੀ। ਬਜ਼ੁਰਗ ਬਾਬਾ ਜੀ ਨੇ ਭਰੀਆਂ ਅੱਖਾਂ ਨਾਲ ਸਿਰਫ ਏਨਾ ਕਿਹਾ ਸੀ ਕਿ ਮੈਨੂੰ ਅੰਗਰੇਜ਼ਾਂ ਦੀਆਂ ਜੇਲ੍ਹਾਂ ਅਤੇ ਉਨ੍ਹਾਂ ਵਿੱਚ ਹੰਢਾਏ ਹੋਏ ਦਿਨਾਂ ਦੀ ਸਖਤੀ ਨੇ ਓਨਾ ਕਸ਼ਟ ਕਦੇ ਨਹੀਂ ਸੀ ਦਿੱਤਾ, ਜਿੰਨਾ ਤੇਰੇ ਬੋਲੇ ਹੋਏ ਸ਼ਬਦਾਂ ਨੇ ਦਿੱਤਾ ਹੈ। ਅੱਗੋਂ ਬੇਸ਼ਰਮ ਆਗੂ ਨੇ ਹੱਸ ਕੇ ਕਿਹਾ ਸੀ: 'ਬਾਬਾ ਜੀ ਚੋਣ ਵੀ ਜੰਗ ਹੁੰਦੀ ਹੈ ਅਤੇ ਪਿਆਰ ਅਤੇ ਜੰਗ ਵਿੱਚ ਸਭ ਕੁਝ ਜਾਇਜ਼ ਹੁੰਦਾ ਹੈ।'

ਅਸੀਂ ਇਸ ਵਾਰ ਲੋਕ ਸਭਾ ਚੋਣ ਵਿੱਚ ਵੀ ਏਦਾਂ ਦਾ ਬਹੁਤ ਕੁਝ ਹੁੰਦਾ ਵੇਖਿਆ ਤੇ ਸੁਣਿਆ ਹੈ। ਇੱਕ ਕੁੜੀ ਨੂੰ ਇਹ ਕਹਿੰਦੀ ਸੁਣਿਆ ਕਿ 'ਮੋਦੀ ਨੇ ਵਾਰ ਤੋਂ ਰੁਕਵਾ ਦੀ ਪਾਪਾ।' ਉਹ ਦਾਅਵਾ ਕਰਦੀ ਪਈ ਸੀ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੰਸਾਰ ਪੱਧਰ ਦੀ ਏਡੀ ਹਸਤੀ ਹੈ ਕਿ ਉਸ ਦਾ ਕਹਿਣਾ ਮੰਨ ਕੇ ਰੂਸ ਅਤੇ ਯੂਕਰੇਨ ਵਿਚਾਲੇ ਜੰਗ ਰੋਕ ਦਿੱਤੀ ਗਈ ਹੈ। ਜੰਗ ਚਲਦੀ ਪਈ ਸੀ ਤੇ ਪ੍ਰਿਅੰਕਾ ਨਾਂਅ ਦੀ ਉਸ ਐਕਟਰੈੱਸ ਦਾ ਇਹ ਝੂਠ ਭਾਰਤੀ ਮੀਡੀਏ ਵੱਲੋਂ ਲੋਕਾਂ ਮੂਹਰੇ ਪਰੋਸਿਆ ਜਾ ਰਿਹਾ ਸੀ ਕਿ ਮੋਦੀ ਨੇ ਜੰਗ ਰੁਕਵਾ ਦਿੱਤੀ ਹੈ ਅਤੇ ਅਗਲੀ ਗੱਲ ਇਹ ਕਹੀ ਗਈ ਕਿ ਜਿਸ ਦੇਸ਼ ਕੋਲ ਏਡਾ ਵੱਡਾ ਸੰਸਾਰ ਪੱਧਰ ਦਾ ਆਗੂ ਹੈ, ਓਥੇ ਲੋਕਾਂ ਨੂੰ ਲੋਕ ਸਭਾ ਚੋਣਾਂ ਵਿੱਚ ਉਸ ਦੀ ਹਮਾਇਤ ਕਰਨੀ ਚਾਹੀਦੀ ਹੈ। ਕੁਝ ਲੋਕ ਹੱਸਦੇ ਸਨ ਕਿ ਪਹਿਲਾਂ ਉਸ ਕੁੜੀ ਨੂੰ ਬੋਲਦੀ ਸੁਣਾਇਆ ਜਾਂਦਾ ਹੈ ਕਿ 'ਵਾਰ ਤੋਂ ਰੁਕਵਾ ਦੀ ਨਾ ਪਾਪਾ' ਅਤੇ ਫਿਰ ਉਨ੍ਹਾਂ ਦੋਵਾਂ ਦੇਸ਼ਾਂ ਦੀ ਜੰਗ ਦੀਆਂ ਖਬਰਾਂ ਵੀ ਪੇਸ਼ ਕਰ ਦਿੱਤੀਆਂ ਜਾਂਦੀਆਂ ਸਨ, ਪਰ ਬਹੁਤ ਸਧਾਰਨ ਕਿਸਮ ਦੇ ਲੋਕ ਇਹ ਪ੍ਰਭਾਵ ਵੀ ਕਬੂਲ ਸਕਦੇ ਸਨ ਅਤੇ ਕਬੂਲਦੇ ਰਹੇ ਹੋਣਗੇ ਕਿ ਨਰਿੰਦਰ ਮੋਦੀ ਨੇ ਸੱਚਮੁੱਚ ਏਦਾਂ ਦਾ ਕ੍ਰਿਸ਼ਮਾ ਕਰ ਦਿੱਤਾ ਹੈ। ਉਹ ਜੰਗ ਅੱਜ ਤੱਕ ਜਾਰੀ ਹੈ, ਹਜ਼ਾਰਾਂ ਲੋਕ ਹਰ ਹਫਤੇ ਮਰੀ ਜਾ ਰਹੇ ਹਨ। ਇਹ ਗੱਲ ਕਹਿਣ ਵਾਲੀ ਕੁੜੀ ਆਪਣੀ ਉਸ ਸਿਆਸੀ ਇਸ਼ਤਿਹਾਰਬਾਜ਼ੀ ਕਾਰਨ ਹੋਈਆਂ ਟਿਪਣੀਆਂ ਪਿੱਛੋਂ ਪਛਤਾਵਾ ਕਰਦੀ ਸੁਣੀ ਜਾਂਦੀ ਹੈ। ਕੁੜੀ ਦਾ ਪਤਾ ਨਹੀਂ ਕਿ ਕਿੰਨਾ ਕੁ ਪਛਤਾਵਾ ਕਰੇਗੀ ਅਤੇ ਜੰਗ ਦਾ ਵੀ ਪਤਾ ਨਹੀਂ ਕਿ ਕਿੰਨੀ ਲੰਮੀ ਚੱਲੇਗੀ।

ਇਸ ਵਕਤ ਸੰਸਾਰ ਵਿੱਚ ਇੱਕੋ ਵਕਤ ਦੋ ਮੋਰਚਿਆਂ ਉੱਤੇ ਜੰਗ ਚੱਲਦੀ ਪਈ ਹੈ ਅਤੇ ਇਹ ਲਿਖਤ ਲਿਖਣ ਤੱਕ ਸੰਕੇਤ ਮਿਲਣ ਲੱਗੇ ਹਨ ਕਿ ਦੋ ਕੁ ਮੋਰਚੇ ਹੋਰ ਖੁੱਲ੍ਹ ਸਕਦੇ ਹਨ। ਪਹਿਲਾ ਮੋਰਚਾ ਤਾਂ ਓਸੇ ਰੂਸ-ਯੂਕਰੇਨ ਜੰਗ ਦਾ ਹੈ, ਜਿਹੜਾ ਉਸ ਕੁੜੀ ਦੀ ਇਸ਼ਤਿਹਾਰਬਾਜ਼ੀ ਅਤੇ ਨਰਿੰਦਰ ਮੋਦੀ ਦੇ ਤੀਸਰੀ ਵਾਰ ਪ੍ਰਧਾਨ ਮੰਤਰੀ ਬਣ ਜਾਣ ਦੇ ਬਾਅਦ ਵੀ ਪੂਰਾ ਭਖਿਆ ਪਿਆ ਹੈ। ਉਸ ਮਾਮਲੇ ਵਿੱਚ ਨਾ ਰੂਸ ਆਪਣੇ ਪੈਰ ਪਿੱਛੇ ਖਿੱਚਣ ਨੂੰ ਤਿਆਰ ਹੈ ਅਤੇ ਨਾ ਅਮਰੀਕਾ ਅਤੇ ਉਸ ਦੇ ਸਾਥੀ ਦੇਸ਼ਾਂ ਦੇ ਦਬਾਅ ਹੇਠ ਜੰਗ ਛੇੜ ਬੈਠਾ ਯੂਕਰੇਨ ਆਪਣਾ ਬਹੁਤ ਵੱਡਾ ਨੁਕਸਾਨ ਕਰਵਾ ਲੈਣ ਮਗਰੋਂ ਥੋੜ੍ਹੀ ਠਰ੍ਹੰਮੇ ਅਤੇ ਅਮਨ-ਪਸੰਦੀ ਦੀ ਗੱਲ ਕਰਨ ਜਾਂ ਸੁਣਨ ਨੂੰ ਤਿਆਰ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਰੂਸ ਗਿਆ ਤਾਂ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਨੇ ਬੜੇ ਭੱਦੇ ਸ਼ਬਦਾਂ ਵਿੱਚ ਵਲਾਦੀਮੀਰ ਪੁਤਿਨ ਨਾਲ ਨਰਿੰਦਰ ਮੋਦੀ ਦੀ ਜੱਫੀ ਪਾ ਕੇ ਮਿਲਣ ਦੀ ਨੁਕਤਾਚੀਨੀ ਕੀਤੀ ਸੀ। ਸੰਸਾਰ ਦੌਰਿਆਂ ਦਾ ਸ਼ੌਕੀਨ ਭਾਰਤ ਦਾ ਪ੍ਰਧਾਨ ਮੰਤਰੀ ਅਗਲੇ ਵਿਦੇਸ਼ ਦੌਰੇ ਵਿੱਚ ਯੂਕਰੇਨ ਜਾਣ ਅਤੇ ਓਥੋਂ ਦੇ ਰਾਸ਼ਟਰਪਤੀ ਜ਼ੇਲੈਂਸਕੀ ਨੂੰ ਵੀ ਓਸੇ ਤਰ੍ਹਾਂ ਦੀ ਜੱਫੀ ਪਾਉਣ ਦੀ ਤਿਆਰੀ ਕਰ ਰਿਹਾ ਸੁਣੀਂਦਾ ਹੈ। ਉਹ ਜਾਵੇਗਾ ਅਤੇ ਮੁੜ ਆਵੇਗਾ ਅਤੇ ਭਾਰਤੀ ਮੀਡੀਆ ਉਸ ਦੀ ਡਿਪਲੋਮੇਸੀ ਅਤੇ ਜੰਗ ਰੁਕਵਾ ਸਕਣ ਦੀ ਉਸ ਦੀ ਸਮਰੱਥਾ ਦੇ ਸੋਹਲੇ ਗਾਉਣ ਦਾ ਕੰਮ ਕਰਦਾ ਰਹੇਗਾ, ਪਰ ਮੌਤ ਦੇ ਮੂੰਹ ਅੱਗੇ ਆਏ ਹੋਏ ਯੂਕਰੇਨੀ ਲੋਕਾਂ ਦੀ ਜਾਨ ਸੌਖੀ ਹੋ ਸਕਣ ਦੀ ਨਾ ਕੋਈ ਆਸ ਪਹਿਲਾਂ ਸੀ, ਨਾ ਕੋਈ ਨੇੜਲੇ ਭਵਿੱਖ ਵਿੱਚ ਦਿਖਾਈ ਦੇ ਰਹੀ ਹੈ।

ਦੂਸਰਾ ਮੋਰਚਾ ਇਸਰਾਈਲ ਨੇ ਫਲਸਤੀਨੀ ਲੋਕਾਂ ਦੇ ਖਿਲਾਫ ਵਿੱਢ ਰੱਖਿਆ ਅਤੇ ਤੀਸਰਾ ਅਤੇ ਚੌਥਾ ਮੋਰਚਾ ਵੀ ਲਾਉਣ ਦੇ ਇਸ਼ਾਰੇ ਓਸੇ ਪਾਸੇ ਤੋਂ ਮਿਲਦੇ ਪਏ ਸਨ। ਫਲਸਤੀਨੀ ਲੋਕਾਂ ਨੂੰ ਦੂਸਰੀ ਸੰਸਾਰ ਜੰਗ ਮਗਰੋਂ ਜਿੱਦਾਂ ਉਨ੍ਹਾਂ ਦੀ ਆਪਣੀ ਜਨਮ-ਭੂਮੀ ਤੋਂ ਕੱਢਿਆ ਗਿਆ ਤੇ ਹਿਟਲਰ ਦੇ ਖਿਲਾਫ ਲੜਨ ਵਾਲੀ ਧਿਰ ਦੇ ਅਮਰੀਕਾ ਅਤੇ ਹੋਰ ਮੁਲਕਾਂ ਨੇ ਜਿਵੇਂ ਫਲਸਤੀਨੀਆਂ ਦੀ ਜੜ੍ਹ ਪੁੱਟਣ ਵਿੱਚ ਇਸਰਾਈਲ ਦੀ ਮਦਦ ਕੀਤੀ ਸੀ, ਉਹ ਵੀ ਸਾਰੀ ਦੁਨੀਆ ਜਾਣਦੀ ਹੈ। ਇਸ ਵਕਤ ਚਲਦੀ ਜੰਗ ਵਿੱਚ ਇਸਰਾਈਲ ਕਿੰਨੀ ਵੀ ਉੱਧੜਧੁੰਮੀ ਚੁੱਕੀ ਜਾਂਦਾ ਹੈ, ਸਭ ਕੁਝ ਪਤਾ ਹੋਣ ਦੇ ਬਾਵਜੂਦ ਭਾਰਤ ਵਰਗੇ ਦੇਸ਼ ਉਸ ਦੇ ਵਿਰੋਧ ਦੀ ਹਿੰਮਤ ਨਹੀਂ ਕਰ ਸਕਦੇ। ਸਾਰੀ ਦੁਨੀਆ ਜਾਣਦੀ ਹੈ ਕਿ ਹਰ ਸਰਕਾਰ ਲਈ ਵਿਰੋਧੀਆਂ ਦੀ ਜਾਸੂਸੀ ਕਰਨ ਦਾ ਸਭ ਤੋਂ ਵੱਡਾ ਸਾਈਬਰ ਹਥਿਆਰ ਕਿਹਾ ਜਾਂਦਾ 'ਪੈਗਾਸਸ' ਇਸਰਾਈਲ ਦੀ ਕਾਢ ਸੀ ਅਤੇ ਜਿਸ ਵੀ ਦੇਸ਼ ਦੀ ਸਰਕਾਰ ਨੇ ਇਹ ਸਾਫਟਵੇਅਰ ਲਿਆ ਹੈ, ਉਸ ਨੂੰ ਲੈ ਲੈਣ ਮਗਰੋਂ ਉਹ ਮਜ਼ਬੂਤ ਨਹੀਂ ਹੋਈਆਂ, ਉਨ੍ਹਾਂ ਦੀ ਆਪਣੀ ਨਬਜ਼ ਵੀ ਇਸਰਾਈਲ ਦੇ ਹੱਥ ਆ ਗਈ ਹੈ। ਉਹ ਜਦੋਂ ਕਦੇ ਚਾਹੇ, ਸਾਰੇ ਸੰਸਾਰ ਨੂੰ ਇਹ ਦੱਸ ਸਕਦਾ ਹੈ ਕਿ ਫਲਾਣੇ ਦੇਸ਼ ਦੀ ਸਰਕਾਰ ਨੇ ਇਹ ਜਾਸੂਸੀ ਸਾਫਟਵੇਅਰ ਉਸ ਤੋਂ ਲਿਆ ਅਤੇ ਇਸ ਦੀ ਵਰਤੋਂ ਉਹ ਕਿੱਦਾਂ ਕਰ ਰਹੀ ਹੈ, ਜਿਸ ਨਾਲ ਸੰਬੰਧਤ ਸਰਕਾਰ ਢਾਈ ਦਿਨ ਟਿਕੀ ਨਹੀਂ ਰਹਿ ਸਕਦੀ। ਇਸਰਾਈਲ ਏਦਾਂ ਚਾਹੇ ਤਾਂ ਅਮਰੀਕਾ ਵਰਗੀ ਮਹਾਂਸ਼ਕਤੀ ਨੂੰ ਵੀ ਇਸ ਇੱਕੋ ਚਾਲ ਨਾਲ ਭੁਆਂਟਣੀ ਦੇ ਸਕਦਾ ਹੈ, ਪਰ ਬਾਅਦ ਵਿੱਚ ਅੱਗੋਂ ਆਉਣ ਵਾਲੇ ਜਵਾਬ ਦਾ ਰਿਸਕ ਉਹ ਨਹੀਂ ਲੈ ਸਕਦਾ ਤੇ ਭਾਰਤ ਵਰਗੇ ਦੇਸ਼ਾਂ ਤੋਂ ਉਸ ਨੂੰ ਏਦਾਂ ਦਾ ਕੋਈ ਰਿਸਕ ਨਹੀਂ ਹੈ। ਇਹੋ ਕਾਰਨ ਹੈ ਕਿ ਉਹ ਜੋ ਵੀ ਕਰੀ ਜਾਵੇ, ਭਾਰਤ ਵਰਗੇ ਦੇਸ਼ ਅਮਨ ਦੀ ਸੁਰ ਤਾਂ ਚੁੱਕਣਗੇ, ਉਸ ਦਾ ਵਿਰੋਧ ਨਹੀਂ ਕਰ ਸਕਣਗੇ।

ਫਲਸਤੀਨ ਨਾਲ ਚਲਦੇ ਮੋਰਚੇ ਦੌਰਾਨ ਅਗਲਾ ਮੋਰਚਾ ਇਸਰਾਈਲ ਤੇ ਲੈਬਨਾਨ ਵਿਚਾਲੇ ਖੁੱਲ੍ਹਣ ਦੇ ਸੰਕੇਤ ਵੀ ਮਿਲਣ ਲੱਗੇ ਹਨ। ਇਸਰਾਈਲ ਦੋਸ਼ ਲਾਉਂਦਾ ਪਿਆ ਹੈ ਕਿ ਫਲਸਤੀਨ ਵਿੱਚੋਂ ਉਸ ਦੇ ਵਿਰੁੱਧ ਲੜਦੀ ਹਮਾਸ ਵਾਲਿਆਂ ਦੀ ਧਿਰ ਤੇ ਇਹੋ ਜਿਹੇ ਕੁਝ ਹੋਰ ਗਰੁੱਪ ਲੈਬਨਾਨ ਵਾਲੇ ਅੱਡਿਆਂ ਤੋਂ ਕਮਾਂਡ ਕੀਤੇ ਜਾ ਰਹੇ ਹਨ। ਇਹੋ ਜਿਹੇ ਅੱਡਿਆਂ ਵਿਰੁੱਧ ਕਾਰਵਾਈ ਦੇ ਨਾਂਅ ਉੱਤੇ ਇਸਰਾਈਲ ਦੀਆਂ ਫੌਜਾਂ ਕਈ ਵਾਰੀ ਲੈਬਨਾਨ ਉੱਤੇ ਵੀ ਗੋਲੇ ਦਾਗ ਚੁੱਕੀਆਂ ਹਨ ਤੇ ਓਥੇ ਬੈਠੇ ਹਮਾਸ-ਪੱਖੀ ਗਰੁੱਪ ਵੀ ਇਸਰਾਈਲ ਦੇ ਖਿਲਾਫ ਹਮਲਾਵਰੀ ਦਾ ਕੋਈ ਮੌਕਾ ਨਹੀਂ ਛੱਡ ਰਹੇ। ਹਾਲਾਤ ਜਿਸ ਪਾਸੇ ਨੂੰ ਜਾਂਦੇ ਦਿਖਾਈ ਦੇਂਦੇ ਹਨ, ਇਸਰਾਈਲ ਤੇ ਲੈਬਨਾਨ ਦੋਵੇਂ ਦੇਸ਼ ਅਣਐਲਾਨੀ ਜੰਗ ਦੀ ਬਜਾਏ ਐਲਾਨੀਆ ਜੰਗ ਵਿੱਚ ਵੀ ਸਿੱਧੇ ਉਲਝ ਸਕਦੇ ਹਨ। ਹਾਲਾਤ ਦਾ ਵਹਿਣ ਏਨਾ ਤੇਜ਼ ਵਹਿੰਦਾ ਪਿਆ ਹੈ ਕਿ ਮੋਰਚਾ ਕਿਹੜੇ ਦਿਨ ਤੇ ਕਿਸ ਰੂਪ ਵਿੱਚ ਖੁੱਲ੍ਹ ਜਾਵੇਗਾ, ਇਸ ਬਾਰੇ ਕਿਆਸ ਕਰਨ ਵਾਲਾ ਕੋਈ ਮਾਹਰ ਸਾਹਮਣੇ ਨਹੀਂ ਆ ਰਿਹਾ।

ਜਿਹੜਾ ਇੱਕ ਹੋਰ ਮੋਰਚਾ ਖੁੱਲ੍ਹਣ ਦੇ ਸੰਕੇਤ ਮਿਲਣ ਲੱਗੇ ਹਨ, ਉਹ ਜੰਗ ਦਾ ਸੇਕ ਖਾੜੀ ਦੇਸ਼ਾਂ ਤੱਕ ਪੁਚਾਉਣ ਵਾਲਾ ਸਾਬਤ ਹੋ ਸਕਦਾ ਹੈ। ਇਸਰਾਈਲ ਨਾਲ ਦੁਸ਼ਮਣੀ ਵਾਲੇ ਗਰੁੱਪਾਂ ਵਿੱਚੋਂ ਸਭ ਤੋਂ ਖਤਰਨਾਕ ਸਮਝੇ ਜਾਂਦੇ ਗਰੁੱਪ ਦਾ ਸਿਖਰਲਾ ਕਮਾਂਡਰ ਪਿਛਲੇ ਦਿਨੀਂ ਈਰਾਨ ਵਿੱਚ ਕਿਸੇ ਕੰਮ ਗਿਆ ਅਤੇ ਓਥੇ ਮਾਰ ਦਿੱਤਾ ਗਿਆ ਹੈ। ਕਤਲ ਦਾ ਦੋਸ਼ ਇਸਰਾਈਲ ਦੀਆਂ ਸੁਰੱਖਿਆ ਏਜੰਸੀਆਂ ਉੱਤੇ ਲੱਗਾ ਤੇ ਈਰਾਨ ਨੇ ਸਾਫ ਕਿਹਾ ਹੈ ਕਿ ਉਸ ਦੇ ਘਰ ਵਿੱਚ ਆਏ ਕਿਸੇ ਮਹਿਮਾਨ ਦਾ ਕਤਲ ਕੀਤਾ ਜਾਣਾ ਉਹ ਦੇਸ਼ ਪਸੰਦ ਨਹੀਂ ਕਰ ਸਕਦਾ ਤੇ ਉਸ ਨੇ ਜਵਾਬੀ ਕਾਰਵਾਈ ਕਰਨ ਤੇ ਇਸ ਦਾ ਬਦਲਾ ਲੈਣ ਦੇ ਸੰਕੇਤ ਵੀ ਦੇਣ ਵਿੱਚ ਦੇਰ ਨਹੀਂ ਲਾਈ। ਨਤੀਜਾ ਕੀ ਨਿਕਲ ਸਕਦਾ ਹੈ, ਸਭ ਨੂੰ ਪਤਾ ਹੈ।

ਇਹੋ ਜਿਹੇ ਹਾਲਾਤ ਵਿੱਚ ਭਾਰਤ ਸਰਕਾਰ ਨੂੰ ਵੀ ਕੁਝ ਏਦਾਂ ਦੇ ਕਦਮ ਚੁੱਕਣੇ ਪਏ ਹਨ, ਜਿਹੜੇ ਸਾਧਾਰਨ ਨਹੀਂ ਕਹੇ ਜਾ ਸਕਦੇ। ਸਾਰੇ ਸੰਸਾਰ ਵਿੱਚ ਮਚਦੀ ਅੱਗ ਤੋਂ ਆਪਣੇ ਆਪ ਨੂੰ ਨਿਰਲੇਪ ਰੱਖਦੇ ਹੋਏ ਤੇ ਚੋਣਾਂ ਵਿੱਚ ਹਾਲਾਤ ਦਾ ਲਾਹਾ ਲੈਣ ਲਈ ਕਿਸੇ ਕੁੜੀ ਤੋਂ ਕਰਵਾਈ 'ਮੋਦੀ ਨੇ ਵਾਰ ਤੋ ਰੁਕਵਾ ਦੀ ਨਾ ਪਾਪਾ' ਵਾਲੀ ਇਸ਼ਤਿਹਾਰਬਾਜ਼ੀ ਭੁਲਾ ਕੇ ਨਰਿੰਦਰ ਮੋਦੀ ਸਰਕਾਰ ਨੂੰ ਆਪਣੇ ਲੋਕਾਂ ਲਈ ਕੁਝ ਖਾਸ ਹਦਾਇਤਾਂ ਜਾਰੀ ਕਰਨੀਆਂ ਪੈ ਗਈਆਂ। ਇੱਕ ਕਦਮ ਭਾਰਤ ਦੀ ਪ੍ਰਮੁੱਖ ਹਵਾਈ ਕੰਪਨੀ ਏਅਰ ਇੰਡੀਆ ਨੇ ਚੁੱਕਿਆ ਕਿ ਇਸਰਾਈਲ ਵੱਲ ਦੀਆਂ ਫਲਾਈਟਸ ਕੁਝ ਵਕਤ ਲਈ ਬੰਦ ਕਰਨ ਦਾ ਐਲਾਨ ਕਰ ਦਿੱਤਾ। ਦੂਸਰਾ ਕਦਮ ਇਹ ਸੀ ਕਿ ਭਾਰਤ ਸਰਕਾਰ ਨੇ ਜੰਗੀ ਕਸ਼ਮਕਸ਼ ਦੀ ਘੁੰਮਣਘੇਰੀ ਵਿੱਚ ਫਸੇ ਜਾਂ ਫਸ ਸਕਦੇ ਇਨ੍ਹਾਂ ਦੇਸ਼ਾਂ ਵਿੱਚ ਵਸੇ ਹੋਏ ਜਾਂ ਕਿਸੇ ਕਾਰਨ ਓਧਰ ਜਾਣ-ਆਉਣ ਵਾਲੇ ਲੋਕਾਂ ਨੂੰ ਇਹ ਹਦਾਇਤ ਕਰਨੀ ਪਈ ਕਿ ਉਹ ਆਪਣੀ ਸੁਰੱਖਿਆ ਤੋਂ ਚੌਕਸ ਰਹਿਣ। ਇਸ ਹਦਾਇਤ ਦੇ ਦੋ ਅਰਥ ਹਨ, ਇੱਕ ਤਾਂ ਇਹ ਕਿ ਓਥੇ ਉਹ ਜੰਗ ਨਾਲ ਪੈਦਾ ਹੋਏ ਹਾਲਾਤ ਵਿੱਚ ਏਧਰ ਜਾਂ ਓਧਰ ਤੋਂ ਹੋਈ ਕਿਸੇ ਕਾਰਵਾਈ ਦੀ ਮਾਰ ਹੇਠ ਆ ਸਕਦੇ ਹਨ ਤੇ ਦੂਸਰਾ ਇਹ ਕਿ ਕਿਸੇ ਥਾਂ ਰੂਸ ਵਰਗਾ ਕਿੱਸਾ ਦੁਹਰਾਇਆ ਜਾ ਸਕਦਾ ਹੈ। ਪਹਿਲਾਂ ਭਾਰਤ ਦੇ ਕਈ ਨੌਜਵਾਨ ਵਿਦੇਸ਼ ਜਾਣ ਦੀ ਚਾਹਤ ਵਿੱਚ ਏਜੰਟਾਂ ਦੇ ਹੱਥੇ ਚੜ੍ਹ ਕੇ ਰੂਸ ਪਹੁੰਚੇ ਤੇ ਓਥੋਂ ਦੀ ਫੌਜ ਵਿੱਚ ਭਰਤੀ ਕਰ ਕੇ ਜੰਗ ਦੀ ਭੱਠੀ ਵਿੱਚ ਝੋਕੇ ਜਾਣ ਦੀਆਂ ਖਬਰਾਂ ਨੇ ਪੰਜਾਬੀਆਂ ਨੂੰ ਹਲੂਣ ਕੇ ਰੱਖ ਦਿੱਤਾ ਸੀ। ਦੁਹਾਈਆਂ ਪੈਣ ਪਿੱਛੋਂ ਭਾਰਤ ਸਰਕਾਰ ਨੂੰ ਰੂਸ ਦੀ ਸਰਕਾਰ ਨਾਲ ਉਨ੍ਹਾਂ ਨੌਜਵਾਨਾਂ ਦੀ ਸੁੱਖੀਂ-ਸਾਂਦੀਂ ਵਾਪਸੀ ਬਾਰੇ ਉਚੇਚੀ ਗੱਲਬਾਤ ਦੀ ਲੋੜ ਪੈ ਗਈ ਸੀ। ਇਸ ਤੋਂ ਪਹਿਲਾਂ ਜਦੋਂ ਇਰਾਕ-ਈਰਾਨ ਜੰਗ ਲੱਗੀ ਅਤੇ ਦਸ ਸਾਲ ਚੱਲਦੀ ਰਹੀ ਸੀ, ਓਦੋਂ ਰੋਜ਼ੀ ਕਮਾਉਣ ਲਈ ਇਰਾਕ ਗਏ ਕਈ ਨੌਜਵਾਨਾਂ ਨੂੰ ਓਥੋਂ ਦੀ ਫੌਜ ਵੱਲੋਂ ਜੰਗ ਵਿੱਚ ਝੋਕਣ ਦੀਆਂ ਖਬਰਾਂ ਆਈਆਂ ਸਨ। ਯੂਕਰੇਨ ਉੱਤੇ ਰੂਸ ਦੇ ਹਮਲੇ ਦੇ ਬਾਅਦ ਕੁਝ ਭਾਰਤੀ ਨੌਜਵਾਨਾਂ ਬਾਰੇ ਓਥੋਂ ਖਬਰਾਂ ਆਈਆਂ ਸਨ ਕਿ ਉਨ੍ਹਾਂ ਨੇ ਭਾਰਤ ਨੂੰ ਮੁੜਨ ਦੀ ਥਾਂ ਯੂਕਰੇਨ ਦੀ ਫੌਜ ਵਿੱਚ ਸ਼ਾਮਲ ਹੋ ਕੇ ਰੂਸ ਨਾਲ ਲੜਨ ਦੀ ਇੱਛਾ ਪ੍ਰਗਟ ਕੀਤੀ ਹੈ। ਜਿਹੜੇ ਬੱਚੇ ਡਾਕਟਰ ਬਣਨ ਲਈ ਲੱਖਾਂ ਰੁਪਏ ਖਰਚ ਕੇ ਓਥੇ ਗਏ ਸਨ ਅਤੇ ਜਿਨ੍ਹਾਂ ਟੀਕੇ ਲਾਉਣੇ ਤੇ ਅਪਰੇਸ਼ਨ ਕਰਨੇ ਸਿੱਖਣੇ ਸਨ, ਉਨ੍ਹਾਂ ਦੇ ਇਹੋ ਜਿਹੇ ਬਿਆਨ ਉਨ੍ਹਾਂ ਦੀ ਮਰਜ਼ੀ ਨਾਲ ਦਿੱਤੇ ਹੋਏ ਨਹੀਂ, ਉਨ੍ਹਾਂ ਤੋਂ ਦਿਵਾਏ ਗਏ ਜਾਪਦੇ ਸਨ। ਹਿਟਲਰ ਦੇ ਜੰਗ ਲਾਉਣ ਵਾਲੇ ਦਿਨਾਂ ਤੋਂ ਲੈ ਕੇ ਅਜੋਕੇ ਸੰਸਾਰ ਵਿੱਚ ਵੀ ਇਹ ਦਾਅ ਖੇਡਿਆ ਜਾਂਦਾ ਹੈ ਕਿ ਅੱਗ ਵਰ੍ਹਦੀ ਵਿੱਚ ਜਿਹੜਾ ਮਿਲ ਜਾਵੇ, ਆਪਣੇ ਨਾਲ ਧੱਕੇ ਨਾਲ ਮਿਲਾ ਕੇ ਉਸ ਤੋਂ ਜੰਗ ਲਈ ਵਲੰਟੀਅਰ ਹੋਣ ਦਾ ਬਿਆਨ ਦਿਵਾਇਆ ਜਾ ਸਕਦਾ ਹੈ।

ਅਸੀਂ ਨਹੀਂ ਜਾਣਦੇ ਕਿ ਅਗਲੇ ਦਿਨਾਂ ਵਿੱਚ ਕਿਹੜੇ ਦੇਸ਼ ਵਿੱਚ ਕੀ ਹੋ ਸਕਦਾ ਹੈ ਤੇ ਜੰਗੀ ਸਾਮਾਨ ਬਣਾਉਣ ਤੇ ਵੇਚਣ ਵਾਲੀਆਂ ਵੱਡੀਆਂ ਤਾਕਤਾਂ ਆਪਣੇ ਸਾਮਾਨ ਦੀ ਸਮਰੱਥਾ ਦਿਖਾਉਣ ਲਈ ਕਿੱਥੇ ਕਿਹੋ ਜਿਹੀ ਜੰਗੀ ਸਟੇਜ ਸਿਰਜ ਕੇ 'ਚਿੜੀਆਂ ਦੀ ਮੌਤ, ਗੰਵਾਰਾਂ ਦਾ ਹਾਸਾ' ਦੇ ਹਾਲਾਤ ਬਣਾ ਦੇਣਗੀਆਂ, ਪਰ ਖਤਰੇ ਦੇ ਬੱਦਲ ਸਾਫ ਦਿੱਸਦੇ ਹਨ। ਇਸ ਵਕਤ ਸੰਸਾਰ ਇੱਕ ਹੋਰ ਵੱਡੀ ਜੰਗ ਦੀਆਂ ਬਰੂਹਾਂ ਕੋਲ ਖੜੋਤਾ ਦਿਖਾਈ ਦੇਂਦਾ ਹੈ, ਪਰ ਪਿਛਲੀਆ

4-Aug-Sunday.qxd 8/3/2024 10:51 PM Page 4

ਖ਼ੁਦਕੁਸ਼ੀ ਦੇ ਵਰਤਾਰੇ ਦਾ ਅਧਿਐਨ



ਫੋਕਸ

ਚਰਚਾ ਇਕ ਪੁਸਤਕ ਦੀ

ਭਗਵੰਤ ਰਸੂਲਪੁਰੀ

ਦਲਿਤਾਂ ਵਿਚ ਖ਼ੁਦਕੁਸ਼ੀ ਦਾ ਰੁਝਾਨ

(ਲੇਖਾ-ਜੋਖਾ)
ਡਾ. ਹਰਗੁਰਪਰਤਾਪ ਸਿੰਘ
ਮੁੱਲ : 250, ਪੰਨੇ : 56
ਦੀਪ ਹਸਪਤਾਲ ਅਤੇ ਪੋਆਇਜ਼ਨ ਟ੍ਰੀਟਮੈਂਟ ਸੈਂਟਰ, ਨਿਹਾਲ ਸਿੰਘ ਵਾਲਾ, ਮੋਗਾ

ਖ਼ੁਦਕੁਸ਼ੀ ਦਾ ਵਰਤਾਰਾ ਪੰਜਾਬ 'ਚ ਕਈ ਸਾਲਾਂ ਤੋਂ ਵਿਕਰਾਲ ਰੂਪ ਧਾਰਨ ਕਰ ਚੁੱਕਾ ਹੈ। ਖ਼ੁਦਕੁਸ਼ੀ ਕਰਨ ਵਾਲੇ ਨੂੰ ਭਾਂਜਵਾਦੀ ਰੁਚੀਆਂ ਦਾ ਕਹਿ ਕੇ ਕਿਨਾਰੇ ਕਰ ਦਿੱਤਾ ਜਾਂਦਾ ਹੈ। ਜੋ ਜ਼ਿੰਦਗੀ ਦੀਆਂ ਤਲਖ਼-ਹਕੀਕਤਾਂ ਦਾ ਮੁਕਾਬਲਾ ਕਰਨ ਦੀ ਬਜਾਏ ਖ਼ੁਦ ਨੂੰ ਜਾਨੋਂ ਮਾਰਨ ਨੂੰ ਤਰਜੀਹ ਦਿੰਦੇ ਹਨ। ਪੇਂਡੂ ਖੇਤਰਾਂ ਖਾਸ ਕਰਕੇ ਖੇਤੀ ਧੰਦਿਆਂ ਨਾਲ ਜੁੜੇ ਮਨੁੱਖ ਖ਼ੁਦਕੁਸ਼ੀ ਦਾ ਸ਼ਿਕਾਰ ਵੱਧ ਹੁੰਦੇ ਹਨ। 'ਖ਼ੁਦਕੁਸ਼ੀ' ਫ਼ਾਰਸੀ ਸ਼ਬਦ ਹੈ। 'ਖ਼ੁਦ' ਭਾਵ ਆਤਮ ਤੇ 'ਕਸ਼ੀ' ਭਾਵ ਜਾਨੋਂ ਮਾਰਨ ਵਾਲਾ ਆਤਮਘਾਤੀ, ਪਰ ਖ਼ੁਦਕੁਸ਼ੀ ਇਕ ਸ਼ਬਦ ਨਹੀਂ ਹੈ। ਇਹ ਪੇਂਡੂ ਸਮਾਜਿਕ ਸਿਸਟਮ ਦਾ ਅਜਿਹਾ ਗੰਭੀਰ ਵਰਤਾਰਾ ਬਣ ਚੁੱਕਾ ਹੈ, ਜਿਸ ਦੇ ਸੱਭਿਆਚਾਰਕ, ਆਰਥਿਕ, ਸਮਾਜਿਕ ਅਤੇ ਮਨੋਵਿਗਿਆਨਕ ਕਾਰਨ ਜਾਨਣ ਤੋਂ ਬਗੈਰ ਅਸੀਂ ਖ਼ੁਦਕੁਸ਼ੀ ਕਰਨ ਵਾਲੇ ਬੰਦੇ ਦੀ ਚੇਤਨਾ ਸਮਝ ਨਹੀਂ ਸਕਦੇ ਕਿ ਉਸ ਨੇ ਕਿਨ੍ਹਾਂ ਕਾਰਨਾਂ ਕਰਕੇ ਆਤਮਘਾਤ ਕਰਨ ਦੀ ਕੋਸ਼ਿਸ਼ ਕੀਤੀ। 'ਖ਼ੁਦਕੁਸ਼ੀ' ਦੇ ਵਰਤਾਰੇ ਨੂੰ ਸਮਝਣ ਲਈ ਪਹਿਲਾਂ ਵੀ ਕਈ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਹਨ। ਕੌਮਾਂਤਰੀ ਪੱਤਰਕਾਰ ਪੀ ਸਾਈਨਾਥ ਨੇ ਇਸ ਮੁੱਦੇ 'ਤੇ ਗਹਿਨ ਤਰੀਕੇ ਨਾਲ ਅਧਿਐਨ ਕੀਤਾ। ਪੱਤਰਕਾਰ ਹਮੀਰ ਸਿੰਘ ਨੇ 'ਪੰਜਾਬੀ ਟ੍ਰਿਬਿਊਨ' ਵਿੱਚ ਲੰਮੀ ਲੇਖ ਲੜੀ ਸ਼ੁਰੂ ਕੀਤੀ ਤੇ ਉਸ ਨੇ ਤੱਥ ਅਤੇ ਅੰਕੜਿਆਂ ਨਾਲ ਇਸ ਨੂੰ ਸਮਝਣ ਦਾ ਯਤਨ ਕੀਤਾ। ਡਾ. ਹਰਗੁਰਪਰਤਾਪ ਸਿੰਘ ਨੇ ਇਸ ਕਿਤਾਬ ਵਿੱਚ ਇਸ ਵਰਤਾਰੇ ਨੂੰ ਲੈ ਕੇ ਇਕ ਸਰਵੇ ਕੀਤਾ, ਜਿਸ ਦੇ ਅਧਾਰ ਉੱਤੇ ਉਸ ਨੇ ਕੁਝ ਸਿੱਟੇ ਕੱਢਣ ਦੀ ਕੋਸ਼ਿਸ਼ ਕੀਤੀ। ਭਾਵੇਂ ਕਿ ਇਸ ਸਰਵੇ ਦੀਆਂ ਆਪਣੀਆਂ ਸੀਮਾਵਾਂ ਹਨ। ਕਿਤਾਬ ਦੇ ਮੁੱਢ ਵਿੱਚ ਲੇਖਕ ਨੇ ਲਿਖਿਆ, "ਕਿਸਾਨ ਮਸਲਿਆਂ ਉੱਪਰ, ਕਿਸਾਨ ਖ਼ੁਦਕੁਸ਼ੀਆਂ ਉੱਪਰ ਤਾਂ ਵੱਡੀ ਪੱਧਰ 'ਤੇ ਖੋਜ ਕਾਰਜ ਹੋਏ ਸਨ, ਪ੍ਰੰਤੂ ਮਜ਼ਦੂਰ ਮਸਲਿਆਂ ਉੱਪਰ, ਮਜ਼ਦੂਰ ਖ਼ੁਦਕੁਸ਼ੀਆਂ ਉੱਪਰ ਅਤੇ ਉਸ ਤੋਂ ਵੀ ਅੱਗੇ ਦਲਿਤ ਵਰਗ ਵਿੱਚ ਖ਼ੁਦਕੁਸ਼ੀਆਂ ਉੱਪਰ ਕੋਈ ਵਿਸ਼ੇਸ਼ ਕੰਮ ਨਹੀਂ ਹੋਇਆ।"

ਲੇਖਕ ਨੇ ਖ਼ੁਦਕੁਸ਼ੀ ਦੇ ਰੁਝਾਨ ਨੂੰ ਲੈ ਕੇ ਸਰਵੇ ਕਰਨ ਲਈ ਇਕ ਨਿੱਜੀ ਹਸਪਤਾਲ ਦੀ ਚੋਣ ਕੀਤੀ ਹੈ। ਜਿਸ ਹਸਪਤਾਲ ਵਿੱਚ ਖ਼ੁਦਕੁਸ਼ੀ ਕਰਨ ਵਾਲੇ ਮਰੀਜ਼ ਆਉਂਦੇ ਹਨ। ਜਿਹੜੇ ਵਧੇਰੇ ਕਰਕੇ ਬਚ ਜਾਂਦੇ ਸਨ। ਆਪਣੇ ਸਰਵੇ ਵਿੱਚ ਲੇਖਕ ਨੇ ਇਸ ਪ੍ਰਚੱਲਤ ਮਿੱਥ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਕਿ ਦਲਿਤਾਂ 'ਚ ਖੇਤੀ ਧੰਦਿਆਂ ਨਾਲ ਜੁੜੇ ਕਿਸਾਨਾਂ ਵਿੱਚ ਖ਼ੁਦਕੁਸ਼ੀ ਕਰਨ ਦਾ ਰੁਝਾਨ ਬਹੁਤ ਘੱਟ ਪਾਇਆ ਜਾਂਦਾ ਹੈ। ਲੇਖਕ ਲਿਖਦਾ ਹੈ, "ਕੀ ਸੱਚਮੁੱਚ ਦਲਿਤ ਗਰੀਬ ਜਾਂ ਮਜ਼ਦੂਰ ਖ਼ੁਦਕੁਸ਼ੀ ਕਰਦੇ ਵੀ ਹਨ ਜਾਂ ਇਹ ਸਿਰਫ ਜੱਟ ਜ਼ਿਮੀਦਾਰ ਤਬਕੇ ਦਾ ਹੀ 'ਕਲਚਰ' ਹੈ? ਜਿਹੋ ਜਿਹਾ ਕਿ ਅਨੇਕਾਂ ਦਲਿਤ ਸਕੌਲਰ, ਦਲਿਤ ਬੁੱਧੀਜੀਵੀ, ਦਲਿਤਵਾਦੀ ਮਿਸ਼ਨਰੀ ਅਕਸਰ ਪਰਚਾਰਦੇ ਹਨ! ਕਿ ਮਜ਼ਦੂਰ-ਦਲਿਤ ਤਾਂ 'ਅੱਖ ਕੱਟ ਲੈਂਦੇ ਹਨ', ਪਰ ਜ਼ਹਿਰ ਨਹੀਂ ਪੀਂਦੇ!" (ਪੰਨਾ-15) ਆਪਣੀ ਇਸ ਧਾਰਨਾ ਦੀ ਪੁੱਜ਼ਤਾ ਕਰਨ ਲਈ ਲੇਖਕ ਕੇਵਲ ਇਕ ਨਿੱਜੀ ਹਸਪਤਾਲ ਦੇ ਅੰਕੜਿਆਂ ਦਾ ਮੁਲੰਕਣ ਕਰਦਾ ਹੈ।

ਸਰਵੇ 'ਚ ਖੁਦਕੁਸ਼ੀ ਦੇ ਕਾਰਨਾਂ ਦੀ ਤਲਾਸ਼ ਕਰਦਾ ਹੋਇਆ ਲੇਖਕ ਇਹ ਧਾਰਨਾ ਦਿੰਦਾ ਹੈ ਕਿ ਦਲਿਤ ਪੈਦਾਵਾਰੀ ਸਾਧਨਾ ਤੋਂ ਵਾਂਝੇ ਹਨ। ਕਿਤਾਬ ਵਿੱਚ ਆਪਣੀ ਧਾਰਨਾ ਨੂੰ ਪੱਕਿਆਂ ਕਰਨ ਲਈ ਤਿੰਨ ਵੱਖ-ਵੱਖ ਰਿਪੋਰਟਾਂ ਪੇਸ਼ ਕਰਦਾ ਹੈ। ਪਹਿਲੀ ਰਿਪੋਰਟ ਵਿੱਚ ਦਲਿਤਾਂ ਅਤੇ ਗੈਰ ਦਲਿਤਾਂ ਵਿਚ ਖ਼ੁਦਕੁਸ਼ੀ ਦੇ ਰੁਝਾਨ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਆਪਣੇ ਸਰਵੇ ਵਿੱਚ ਲੇਖਕ ਦਲਿਤ ਅਤੇ ਗੈਰ ਦਲਿਤ ਦੋ ਸ਼੍ਰੇਣੀਆਂ ਲੈਂਦਾ ਹੈ। ਗੈਰ ਦਲਿਤ ਸ਼੍ਰੇਣੀਆਂ ਵਿੱਚ ਉਹ ਜੱਟ ਜ਼ਿਮੀਦਾਰ, ਉੱਚ ਜਾਤਿ ਹਿੰਦੂ-ਸਿੱਖ ਤੇ ਮੁਸਲਿਮ ਅਤੇ ਓ.ਬੀ.ਸੀ. ਅਤੇ ਦਲਿਤ ਸ਼੍ਰੇਣੀਆਂ ਵਿੱਚ ਆਦਿਵਾਸੀ (ਸ਼ਡਿਊਲਡ ਟਰਾਈਬ), ਐੱਸ.ਸੀ. ਤੇ ਐੱਸ.ਟੀ. ਗਰੀਬ ਮਜ਼ਦੂਰ ਆਦਿ ਰੱਖਦਾ ਹੈ। ਲੇਖਕ 115 ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰਨ ਵਾਲੇ ਲੋਕਾਂ ਨੂੰ ਲੈਂਦਾ ਹੈ, ਜਿਨ੍ਹਾਂ ਵਿੱਚ 83 ਮਰਦ ਤੇ 32 ਔਰਤਾਂ ਹੁੰਦੀਆਂ ਹਨ। ਅੱਗੇ ਉਨ੍ਹਾਂ ਦੀ ਪਛਾਣ 50 ਦਲਿਤ ਅਤੇ 65 ਗੈਰ ਦਲਿਤਾਂ ਦੀ ਕਰਦਾ ਹੈ। ਲੇਖਕ ਅੱਗੇ ਕਹਿੰਦਾ ਹੈ ਕਿ 83 ਮਰਦ ਮਰਦਾਂ ਵਿੱਚੋਂ 37% ਦਲਿਤ ਮਰਦ ਤੇ 63% ਗੈਰ ਦਲਿਤ ਮਰਦ। 32 ਔਰਤਾਂ ਵਿੱਚੋਂ 60% ਦਲਿਤ ਅਤੇ 40 % ਗੈਰ ਦਲਿਤ ਔਰਤਾਂ ਸਨ ਜਿਨ੍ਹਾਂ ਨੇ ਆਪਣਾ ਜੀਵਨ ਖਤਮ ਕਰਨ ਦੀ ਕੋਸ਼ਿਸ਼ ਕੀਤੀ। ਅੱਗੇ ਲੇਖਕ ਇਹ ਨਿਚੋੜ ਕੱਢਦਾ ਹੈ ਕਿ 'ਦਲਿਤ ਨੌਜਵਾਨ ਔਰਤਾਂ ਦਾ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰਨ ਦਾ ਅਨੁਪਾਤ ਹੈਰਾਨੀਜਨਕ ਰੂਪ ਵਿੱਚ ਜ਼ਿਆਦਾ ਸੀ।' (ਪੰਨਾ-17) ਅੱਗੇ ਆਪਣੇ ਸਰਵੇ ਵਿੱਚ ਲੇਖਕ 'ਡਿਸਚਾਰਜ ਔਨ ਰਿਕੁਐਸਟ' ਟਰਮ ਵਰਤਦਾ ਹੈ। ਭਾਵ ਕਿ ਇਲਾਜ ਅਧੂਰਾ ਛੱਡ ਕੇ ਡਾਕਟਰ ਦੀ ਸਲਾਹ ਨਾ ਮੰਨ ਕੇ ਆਪਣੀ ਮਰਜ਼ੀ ਨਾਲ ਛੁੱਟੀ ਲੈਣਾ। ਉਨ੍ਹਾਂ ਵਿੱਚੋਂ ਵੀ ਦਲਿਤ ਸਭ ਤੋਂ ਵੱਧ ਹੁੰਦੇ ਹਨ। ਕੁਲ 115 ਵਿੱਚੋਂ 21% ਦਲਿਤ ਤੇ 18% ਗੈਰ ਦਲਿਤ ਹੁੰਦੇ ਹਨ। 22% ਦਲਿਤ ਔਰਤਾਂ ਨੂੰ ਮਜਬੂਰਨ ਇਲਾਜ ਵਿੱਚੇ ਛੱਡ ਕੇ ਘਰ ਜਾਣਾ ਪੈਂਦਾ ਹੈ ਅਤੇ ਗੈਰ ਦਲਿਤ ਔਰਤਾਂ ਦੀ ਸੰਖਿਆ 3% ਹੁੰਦੀ ਹੈ। ਲੇਖਕ ਅੱਗੇ ਤੱਥਾਂ ਦੇ ਅਧਾਰ ਉੱਤੇ ਕਹਿੰਦਾ ਹੈ ਕਿ ਜ਼ਹਿਰ ਪੀਣ ਨਾਲ ਮਰਨ ਵਾਲਿਆਂ ਵਿੱਚ ਦਲਿਤ 50% ਸਨ ਅਤੇ ਗੈਰ ਦਲਿਤ ਵੀ 50% ਸਨ। ਖ਼ੁਦਕੁਸ਼ੀ ਕਰਨ ਲਈ ਜਿਹੜੀ ਜ਼ਹਿਰ ਦੀ ਵਰਤੋਂ ਕੀਤੀ ਜਾਂਦੀ ਹੈ, ਉਹ ਸਲਫਾਸ, ਘਾਹ ਮਾਰਨ ਵਾਲੀ ਪੈਰਾਕੂਐਟ ਆਦਿ ਹੁੰਦੀ ਹੈ। ਰਿਪੋਰਟ ਦੇ ਅੰਤ ਵਿੱਚ ਲੇਖਕ ਆਪਣੇ ਦਿੱਤੇ ਅੰਕੜਿਆਂ ਦੇ ਅਧਾਰ ਉੱਤੇ ਦਲਿਤ ਸਕੌਲਰਾਂ, ਬੁੱਧੀਜੀਵੀਆਂ ਉੱਤੇ ਫਿਰ ਸਵਾਲ ਕਰਦਾ ਹੈ।

ਦੂਜੀ ਰਿਪੋਰਟ ਵਿੱਚ ਦਲਿਤ ਔਰਤਾਂ ਦੇ ਖ਼ੁਦਕੁਸ਼ੀ ਕਰਨ ਦੇ ਰੁਝਾਨ ਨੂੰ ਸਮਝਿਆ ਗਿਆ ਹੈ। ਇਸ ਸਰਵੇ ਲਈ ਲੇਖਕ 7 ਜੁਲਾਈ, 21 ਤੋਂ 7 ਜਨਵਰੀ, 23 ਤੱਕ ਤਕਰੀਬਨ ਡੇਢ ਸਾਲ ਵਿੱਚ ਕਰੀਬ 195 ਲੋਕਾਂ ਦਾ ਸਰਵੇ ਕਰਦਾ ਹੈ। ਜੋ ਲੋਕ ਜ਼ਹਿਰੀਲੇ ਕੈਮੀਕਲ ਖਾ ਪੀ ਕੇ ਇੱਕ ਨਿੱਜੀ ਹਸਪਤਾਲ ਵਿੱਚ ਆਏ, ਉਨ੍ਹਾਂ ਨੂੰ ਅਧਾਰ ਬਣਾ ਕੇ ਇਸ ਰਿਪੋਰਟ ਵਿੱਚ ਕੁਝ ਸਿੱਟੇ ਕੱਢਣ ਦਾ ਯਤਨ ਕੀਤਾ ਗਿਆ। 195 ਮਰੀਜ਼ਾਂ ਵਿੱਚੋਂ ਔਰਤਾਂ 57 (29%) ਤੇ ਮਰਦ 138 (71%) ਸਨ। ਅੱਗੇ ਔਰਤਾਂ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਿਆ ਗਿਆ। ਦਲਿਤ ਅਤੇ ਗੈਰ ਦਲਿਤ। ਸਰਵੇ ਦੇ ਅਧਾਰ 'ਤੇ ਲੇਖਕ ਕਹਿੰਦਾ ਹੈ ਕਿ 33 (58%) ਦਲਿਤ ਔਰਤਾਂ ਤੇ 24 (42%) ਗ਼ੈਰ ਦਲਿਤ ਔਰਤਾਂ ਸਨ। ਇਨ੍ਹਾਂ ਵਿੱਚੋਂ ਅੱਗੇ ਨੌਜਵਾਨ ਲੜਕੀਆਂ ਦੀ ਗਿਣਤੀ ਵੱਧ ਹੁੰਦੀ ਹੈ। 91 % ਦਲਿਤ ਅਤੇ 75% ਗੈਰ ਦਲਿਤ ਨੌਜਵਾਨ ਲੜਕੀਆਂ ਸਨ। 57 ਔਰਤਾਂ ਵਿੱਚੋਂ ਸਿਰਫ 4 ਔਰਤਾਂ ਦੀ ਮੌਤ ਹੁੰਦੀ ਹੈ। ਰਿਪੋਰਟ ਦੇ ਅੰਤ ਵਿੱਚ ਉਹ ਆਪਣੀਆਂ ਕੁਝ ਧਾਰਨਾਵਾਂ ਪੇਸ਼ ਕਰਦਾ ਹੈ।

ਤੀਜੀ ਰਿਪੋਰਟ ਵਿੱਚ ਦਲਿਤ ਨੌਜਵਾਨਾਂ ਵਿਚ ਇਸ ਰੁਝਾਨ ਨੂੰ ਸਮਝਿਆ ਗਿਆ ਹੈ। ਲੇਖਕ ਨੇ ਪੁਸਤਕ ਵਿੱਚ ਗ੍ਰਾਫ਼ ਰਾਹੀਂ ਵੀ ਤੱਥਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਸਾਲ 2021 ਤੋਂ 2023 ਦੌਰਾਨ 220 ਨੌਜਵਾਨ ਮਰੀਜ਼ਾਂ ਦੇ ਅਧਾਰ ਉੱਤੇ ਸਰਵੇ ਕੀਤਾ ਗਿਆ ਹੈ। ਜੋ ਜ਼ਹਿਰ ਪੀ-ਖਾ ਕੇ ਨਿੱਜੀ ਹਸਪਤਾਲ ਵਿੱਚ ਆਏ। 35 ਸਾਲ ਵਾਲੇ 220 ਖ਼ੁਦਕੁਸ਼ੀ ਕਰਨ ਵਾਲਿਆਂ ਵਿੱਚੋਂ 148 ਮਰਦ (67%) ਤੇ 72 ਔਰਤਾਂ (33%) ਸਨ। ਅੱਗੋਂ ਨੌਜਵਾਨ ਤੇ ਬਜ਼ੁਰਗਾਂ 'ਚ ਸ਼੍ਰੇਣੀ ਵੰਡ 'ਚ ਨੌਜਵਾਨ 157 (71%) ਤੇ 83 (29%) ਬਜ਼ੁਰਗ ਸਨ। ਅੱਗੋਂ 157 'ਚੋਂ ਦਲਿਤ ਦੀ ਗਿਣਤੀ 81 (52%) ਸੀ ਅਤੇ ਗੈਰ ਦਲਿਤਾਂ ਦੀ 76 (48%) ਸੀ। ਲੇਖਕ ਅੱਗੇ ਦਲਿਤ ਨੌਜਵਾਨ ਦਾ ਖ਼ੁਦਕੁਸ਼ੀ ਦੇ ਰਾਹ ਤੁਰਨ ਵਾਲੇ ਵਰਤਾਰੇ ਉੱਤੇ ਚਿੰਤਾ ਕਰਦਾ ਹੋਇਆ, ਬੁੱਧੀਜੀਵੀ ਵਰਗ 'ਤੇ ਸਵਾਲ ਵੀ ਖੜੇ ਕਰਦਾ ਹੈ, ਜਿਹੜੇ ਇਨ੍ਹਾਂ ਤੱਥਾਂ ਅੰਕੜਿਆਂ ਨੂੰ ਅੱਗੇ ਆਉਣ ਨਹੀਂ ਦੇ ਰਹੇ। ਅੱਗੇ ਲੇਖਕ ਖ਼ੁਦਕੁਸ਼ੀ ਕਰਨ ਵਾਲੀਆਂ ਔਰਤਾਂ ਵਿੱਚੋਂ ਦਲਿਤ ਔਰਤਾਂ ਦੀ ਪਛਾਣ ਵੱਧ ਗਿਣਤੀ ਵਿਚ ਕਰਦਾ ਹੈ। ਇਸ ਦੀ ਮਾਤਰਾ ਉਹ ਦੁੱਗਣੀ ਕਹਿੰਦਾ ਹੈ। ਇਹ ਵੀ ਤੱਥ ਸਾਹਮਣੇ ਆਉਂਦੇ ਹਨ ਕਿ 220 ਮਰੀਜ਼ਾਂ ਵਿੱਚੋਂ 8% ਮਰੀਜ਼ ਏਡਜ਼ ਜਾਂ ਕਾਲਾ ਪੀਲੀਆ ਤੋਂ ਪਹਿਲਾਂ ਹੀ ਗ੍ਰਸਤ ਸਨ। ਲੇਖਕ ਇਹ ਤੱਥ ਪੇਸ਼ ਕਰਕੇ ਹੈਰਾਨ ਕਰ ਦਿੰਦਾ ਹੈ ਕਿ 220 ਮਰੀਜ਼ਾਂ ਦੀਆਂ ਫਾਈਲਾਂ ਵਿੱਚੋਂ 58 ਮਰੀਜ਼ਾਂ ਦੇ ਰਿਸ਼ਤੇਦਾਰ ਇਲਾਜ ਲਈ ਭਰੇ ਜਾਂਦੇ ਫਾਰਮਾਂ ਉੱਤੇ ਅੰਗੂਠੇ ਹੀ ਲਗਾਉਂਦੇ ਹਨ। ਮਤਲਬ ਕਿ ਉਹ ਅਨਪੜ੍ਹ ਸਨ। ਇਨ੍ਹਾਂ ਵਿੱਚੋਂ ਵੀ ਦਲਿਤ 75% ਤੇ ਗੈਰ ਦਲਿਤ ਸ਼੍ਰੇਣੀਆਂ ਵਿੱਚੋਂ 25% ਸੀ। ਅਸਿੱਧੇ ਰੂਪ ਵਿੱਚ ਉਹ ਅਭਾਸ ਕਰਵਾਉਂਦਾ ਹੈ ਕਿ ਇਲਾਜ ਤੋਂ ਵਿਰਵੇ ਦਲਿਤ ਨੌਜਵਾਨ ਵਧੇਰੇ ਹਨ। ਅਨਪੜ੍ਹਤਾ ਦਾ ਗ੍ਰਾਫ ਵੀ ਦਲਿਤਾਂ ਵਿੱਚ ਵੱਧ ਹੈ।

ਹਰ ਰਿਪੋਰਟ ਦੇ ਅਖੀਰ ਵਿੱਚ ਲੇਖਕ ਇਨ੍ਹਾਂ ਅੰਕੜਿਆ ਨੂੰ ਲੈ ਕੇ ਕੁਝ ਸਿੱਟੇ ਕੱਢਦਾ ਹੈ। ਤੱਥਾਂ ਅਤੇ ਅੰਕੜਿਆਂ ਦੇ ਅਧਾਰ ਉੱਤੇ ਉਹ ਦਲਿਤਾਂ ਵੱਲੋਂ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਅਤੇ ਮਰਨ ਵਾਲਿਆਂ ਦੀ ਪ੍ਰਤੀਸ਼ਤ ਵਧੇਰੇ ਦੱਸਦਾ ਹੈ। ਲੇਖਕ ਇਸ ਗੱਲ ਉੱਤੇ ਵੀ ਚਿੰਤਾ ਜ਼ਾਹਰ ਕਰਦਾ ਹੈ ਕਿ ਇਸ ਮੁੱਦੇ ਉੱਤੇ ਅਖਬਾਰਾਂ ਵਿਚ ਬਹੁਤੀ ਚਰਚਾ ਨਹੀਂ ਹੁੰਦੀ। ਲੇਖਕ ਅੱਗੇ ਕਹਿੰਦਾ ਹੈ ਕਿ ਦਲਿਤ ਨੌਜਵਾਨਾਂ ਦਾ ਇਕ ਹਿੱਸਾ ਭਿਅੰਕਰ ਬਿਮਾਰੀਆਂ ਤੋਂ ਪੀੜਤ ਹੋ ਰਿਹਾ ਹੈ। ਲੇਖਕ ਪੰਜਾਬ ਦੇ ਮੱਧ ਵਿਚਲੇ ਪੇਂਡੂ ਖੇਤਰ ਦੀ ਸਥਿਤੀ ਬਿਆਨ ਕਰਦਿਆਂ ਹੋਇਆਂ ਇਹ ਵੀ ਮੰਨਦਾ ਹੈ ਕਿ ਹੋ ਸਕਦਾ ਹੈ ਕਿ ਮੋਹਾਲੀ, ਜਲੰਧਰ, ਲੁਧਿਆਣਾ, ਨਵਾਂ ਸ਼ਹਿਰ, ਹੁਸ਼ਿਆਰਪੁਰ ਵਿੱਚ ਖ਼ੁਦਕੁਸ਼ੀਆਂ ਸੰਬੰਧੀ ਦਲਿਤ ਸ਼੍ਰੇਣੀਆਂ ਦੀ ਸਥਿਤੀ ਹੋਰ ਹੋਵੇ।

ਅੱਗੇ ਲੇਖਕ ਆਪਣੇ ਲਿਖੇ ਤਿੰਨ ਲੇਖਾਂ ਵਿੱਚ ਅੰਬੇਡਕਰੀ ਦ੍ਰਿਸ਼ਟੀ ਨਾਲ ਨਾਬਰੀ ਦੀ ਸੁਰ ਰੱਖਣ ਵਾਲੇ ਸੰਘਰਸ਼ਾਂ, ਨਾਇਕਾਂ ਦਾ ਬਿਰਤਾਂਤ ਸਿਰਜ ਕੇ ਇਹ ਦੱਸਣ ਦੀ ਕੋਸ਼ਿਸ਼ ਕਰਦਾ ਹੈ ਕਿ ਭਾਵੇਂ ਕਿ ਸਮਕਾਲ ਵਿੱਚ ਦਲਿਤਾਂ 'ਚ ਖ਼ੁਦਕੁਸ਼ੀਆਂ ਦਾ ਵਰਤਾਰਾ ਵਧੇਰੇ ਫੈਲ ਗਿਆ ਹੈ, ਪਰ ਇਤਿਹਾਸ ਦੱਸਦਾ ਹੈ ਕਿ ਦਲਿਤਾਂ ਵਿੱਚੋਂ ਕੁਝ ਅਜਿਹੇ ਸਮਾਜ ਨੂੰ ਬਦਲਣ ਵਾਲੇ ਵੀ ਉੱਠੇ, ਜਿਨ੍ਹਾਂ ਨੇ ਸਮਾਜਿਕ ਤਬਦੀਲੀ ਲਈ ਨਵੀਆਂ ਲੀਹਾਂ ਪਾਈਆਂ। ਇਸ ਪ੍ਰਸੰਗ ਵਿੱਚ ਉਹ 'ਅੰਬੇਦਕਰਵਾਦ ਦੀ ਦਰੁਸਤ ਲੀਹ' ਅਧੀਨ ਪੇਂਡੂ ਖੇਤ ਮਜ਼ਦੂਰਾਂ, ਦਲਿਤਾਂ ਦੇ ਖੇਤੀ ਯੋਗ ਜ਼ਮੀਨਾਂ ਉੱਪਰ ਹੱਕ ਖਾਤਰ ਮੋਰਚੇ ਸ਼ੁਰੂ ਕਰਨ ਵਾਲਾ ਬਿਰਤਾਂਤ ਸਿਰਜਦਾ ਹੋਇਆ ਕਹਿੰਦਾ ਹੈ ਕਿ ਇਨ੍ਹਾਂ ਮੋਰਚਿਆਂ ਉੱਤੇ ਜਿੱਤ ਵੀ ਪ੍ਰਾਪਤ ਕੀਤੀ। ਇਸ ਲਈ ਉਹ ਮਹਾਂਰਾਸ਼ਟਰ ਦੇ ਨੰਦਰਬਾਰ ਤਾਲੂਕਾ ਦੇ ਪਿੰਡ ਧਾੜਵਾਨੇ ਦੀ ਮਿਸਾਲ ਦਿੰਦਾ ਹੈ। ਅਗਾਂਹ ਜਾ ਕੇ ਇਹ ਜ਼ਮੀਨ ਪ੍ਰਾਪਤੀ ਸੰਘਰਸ਼ ਮੋਰਚਾ ਪੂਰੇ ਦੇਸ਼ ਵਿੱਚ ਸ਼ੁਰੂ ਹੋ ਜਾਂਦਾ ਹੈ। ਜੋ ਇਸ ਮੁੱਦੇ 'ਤੇ ਲੜਦੇ ਸਨ ਕਿ ਬੇਜ਼ਮੀਨੇ ਲੋਕਾਂ ਵਿੱਚ ਖੇਤੀਯੋਗ ਜ਼ਮੀਨ ਵੰਡੀ ਜਾਵੇ। ਜਿਨ੍ਹਾਂ ਲੋਕਾਂ ਨੇ ਸਰਕਾਰੀ ਜ਼ਮੀਨਾਂ ਉੱਤੇ ਸਿਰ ਢਕਣ ਲਈ ਮਕਾਨ ਬਣਾਏ ਹਨ, ਉਨ੍ਹਾਂ ਨੂੰ ਮਾਲਕਾਨਾ ਹੱਕ ਮਿਲਣ। ਅੰਤ ਵਿੱਚ 3 ਫਰਵਰੀ, 1965 ਨੂੰ ਜ਼ਮੀਨ ਪ੍ਰਾਪਤੀ ਸੰਘਰਸ਼ ਮੋਰਚਾ ਫ਼ਤਿਹ ਹੁੰਦਾ ਹੈ ਤੇ 3916676 ਏਕੜ ਜ਼ਮੀਨ ਦਲਿਤਾਂ ਨੂੰ ਅਲਾਟ ਕਰ ਦਿੱਤੀ ਜਾਂਦੀ ਹੈ। ਕੇਰਲਾ ਦੇ ਸਮਾਜ ਸੁਧਾਰਕ ਆਇਨਕਲੀ ਬਾਰੇ ਲੇਖ 'ਕਾਪੇ ਵਾਲ਼ਾ ਅੰਬੇਦਕਰ' ਉਸ ਦੇ ਸਮਾਜ ਸੁਧਾਰਕ ਬਿੰਬ ਨੂੰ ਉਭਾਰਦਾ ਹੈ। ਆਇਨਕਲੀ ਖੇਤ ਮਜ਼ਦੂਰਾਂ ਲਈ ਵੱਡੇ ਕਾਰਜ ਕਰਦਾ ਹੈ। 'ਨਿੱਜੀ ਪ੍ਰਾਪਤੀਆਂ ਜਾਂ ਸਮੂਹਿਕ ਸੰਘਰਸ਼' ਲੇਖ ਸਮਕਾਲ ਵਿੱਚ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਰੰਗ, ਰਮਜ਼ ਤੇ ਪੰਜਾਬੀ ਕਾਵਿ

ਰੰਗਾਂ ਤੇ ਰਮਜ਼ਾਂ ਰਾਹੀਂ ਸੰਸਾਰ ਨੂੰ ਸਮਝਾਉਣ ਦੇ ਕਾਵਿਕ ਦ੍ਰਿਸ਼ ਪੇਸ਼ ਕਰਦੀ ਪੁਸਤਕ

ਸੁਰਜੀਤ ਸੁਮਨ

(ਆਲੋਚਨਾ)
ਡਾ. ਜਤਿੰਦਰ ਸਿੰਘ
ਪੰਨੇ : 146, ਮੁੱਲ : 250 ਰੁਪਏ

ਰੰਗਾਂ ਬਿਨ ਮਨੁੱਖੀ ਮਨ ਬੇਰੰਗ ਹੁੰਦੈ। ਰਮਜ਼ ਬਿਨ ਜੀਵਨ। ਸਾਹਮਣੇ ਵਾਲ਼ੇ ਦੇ ਚਿਹਰੇ ਦਾ ਰੰਗ ਤੇ ਅੱਖ ਦੀ ਰਮਜ਼, ਪਹਿਲੀ ਨਜ਼ਰੇ ਦੋ

4-Aug-Sunday.qxd 8/3/2024 10:52 PM Page 6

ਲੋਕ ਕਵੀ ਗੁਰਦਾਸ ਰਾਮ ਆਲਮ ਐਵਾਰਡ ਸੁਰਜੀਤ ਜੱਜ ਤੇ ਸੁਰਿੰਦਰ ਰਾਮਪੁਰੀ ਨੂੰ

ਜਲੰਧਰ-ਮਾਨਵਵਾਦੀ ਰਚਨਾ ਮੰਚ (ਰਜਿ.) ਪੰਜਾਬ ਦੇ ਅਹੁਦੇਦਾਰਾਂ ਅਤੇ ਕਾਰਜਕਰਨੀ ਦੇ ਮੈਂਬਰਾਂ ਦੀ ਮੀਟਿੰਗ ਜਲੰਧਰ ਵਿਖੇ ਮੰਚ ਦੇ ਸਰਪ੍ਰਸਤ ਡਾ. ਸੇਵਾ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਫ਼ੈਸਲਾ ਲਿਆ ਗਿਆ ਕਿ 2022 ਦਾ 24ਵਾਂ ਲੋਕ ਕਵੀ ਗੁਰਦਾਸ ਰਾਮ ਆਲਮ ਐਵਾਰਡ ਪੰਜਾਬੀ ਦੇ ਪ੍ਰਸਿਧ ਗ਼ਜ਼ਲਗੋ ਸੁਰਜੀਤ ਜੱਜ ਨੂੰ ਦਿੱਤਾ ਜਾਵੇਗਾ ਅਤੇ 2023 ਦਾ 25ਵਾਂ ਲੋਕ ਕਵੀ ਗੁਰਦਾਸ ਰਾਮ ਆਲਮ ਐਵਾਰਡ ਪ੍ਰਸਿੱਧ ਕਹਾਣੀਕਾਰ ਤੇ ਸ਼ਾਇਰ ਸੁਰਿੰਦਰ ਰਾਮਪੁਰੀ ਨੂੰ ਦਿੱਤਾ ਜਾਵੇਗਾ। ਇਨਾਮ ਵਿੱਚ ਸ਼ਾਲ, ਮੋਮੈਂਟੋ ਤੇ ਨਕਦ ਰਾਸ਼ੀ ਦਿੱਤੀ ਜਾਵੇਗੀ। ਪ੍ਰਸਿੱਧ ਗ਼ਜ਼ਲਗੋ ਸੁਰਜੀਤ ਜੱਜ 1990 ਤੋਂ ਗ਼ਜ਼ਲਾਂ ਲਿਖਦੇ ਆ ਰਹੇ ਹਨ। ਉਸ ਦੇ ਹੁਣ ਤੱਕ ਪਰਿੰਦੇ ਫੇਰ ਪਰਤਣਗੇ, ਘਰੀਂ ਮੁੜਦੀਆਂ ਪੈੜਾਂ, ਆਉਂਦੇ ਦਿਨੀਂ, ਵਕਤ ਉਡੀਕੇ ਵਾਰਸਾਂ, ਦਰਦ ਕਹੇ ਦਹਿਲੀਜ਼, ਪਰ-ਮੁਕਤ ਪਰਵਾਜ਼, ਨਾ ਅੰਤ ਨਾ ਆਦਿ ਗ਼ਜ਼ਲ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ। ਪ੍ਰਸਿੱਧ ਕਥਾਕਾਰ ਤੇ ਸ਼ਾਇਰ ਸੁਰਿੰਦਰ ਰਾਮਪੁਰੀ 1976 ਤੋਂ ਲਿਖਦੇ ਆ ਰਹੇ ਹਨ ਉਨ੍ਹਾਂ ਦੀਆਂ ਹੁਣ ਤੱਕ ਪੱਤਝੜ ਮਾਰੇ, ਖ਼ੁਰਦੀ ਹੋਂਦ, ਬੇਚੈਨ ਹਿੰਦਸੇ, ਪੁੰਨਿਆਂ ਤੋਂ ਪਹਿਲਾਂ, ਲੁਕਣ-ਮੀਚੀ ਖੇਡਦੀਆਂ ਰਿਸ਼ਮਾਂ, ਸਹਿਮੀ ਬੁਲਬੁਲ ਦਾ ਗੀਤ ਕਹਾਣੀ ਸੰਗ੍ਰਹਿ ਅਤੇ ਅੱਗ ਨਾਲ ਖੇਡਦਿਆਂ, ਦੇਹਲੀ 'ਤੇ ਬੈਠੀ ਉਡੀਕ, ਮਨ ਮਰਜ਼ੀ ਦੀ ਬੁਣਤੀ ਕਾਵਿ ਸੰਗ੍ਰਹਿ ਅਤੇ ਚੰਦਨ ਦੇ ਰੁੱਖ, ਕਿਸੇ ਬਹਾਨੇ ਵਰਤਕ ਦੀਆਂ ਪੁਸਤਕ ਤੋਂ ਇਲਾਵਾ ਅਨੇਕਾਂ ਪੁਸਤਕਾਂ ਸੰਪਾਦਤ ਛਪ ਚੁੱਕੀਆਂ ਹਨ। ਆਲਮ ਐਵਾਰਡ ਲਈ ਚੁਣੇ ਗਏ ਦੋਵੇਂ ਲੇਖਕ ਹੁਣ ਤੱਕ ਲੋਕ ਮੁੱਦਿਆਂ ਉੱਤੇ ਲਿਖਦੇ ਹੀ ਨਹੀਂ ਬਲਕਿ ਵਿਹਾਰਕ ਤੌਰ ਤੇ ਸੰਘਰਸ਼ ਵੀ ਕਰਦੇ ਆ ਰਹੇ ਹਨ।

ਸੁਰਿੰਦਰ ਰਾਮਪੁਰੀ

ਸੁਰਜੀਤ ਜੱਜ

ਇਸ ਮੌਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਅੰਗਰੇਜ਼ੀ ਵਿਭਾਗ ਦੇ ਸਾਬਕਾ ਮੁੱਖੀ ਡਾ. ਪਰਮਿੰਦਰ ਸਿੰਘ 'ਭਾਰਤੀ ਸੰਵਿਧਾਨ, ਮਨੁੱਖੀ ਅਧਿਕਾਰ ਅਤੇ ਫ਼ੌਜਦਾਰੀ ਕਾਨੂੰਨ' ਵਿਸ਼ੇ 'ਤੇ ਆਪਣਾ ਲੈਕਚਰ ਦੇਣਗੇ। ਮੰਚ ਦੇ ਪ੍ਰਧਾਨ ਡਾ. ਕੇਵਲ ਸਿੰਘ ਪਰਵਾਨਾ, ਜਰਨਲ ਸਕੱਤਰ ਮੱਖਣ ਮਾਨ ਤੇ ਪ੍ਰੈਸ ਸਕੱਤਰ ਭਗਵੰਤ ਰਸੂਲਪੁਰੀ ਨੇ ਦੱਸਿਆ ਕਿ ਇਹ ਸਮਾਗਮ 11 ਅਗਸਤ, ਦਿਨ ਐਤਵਾਰ, ਸਵੇਰੇ 11 ਵਜੇ ਨੂੰ ਦੇਸ਼ ਭਗਤ ਯਾਦਗਾਰੀ ਹਾਲ ਜਲੰਧਰ ਵਿਖੇ ਕਰਵਾਇਆ ਜਾਵੇਗਾ।

ਪੰਜਾਬੀ ਆਰਟਸ ਐਸੋਸੀਏਸ਼ਨ ਟੋਰਾਂਟੋ ਵੱਲੋਂ ਤਿੰਨ ਨਾਟਕਾਂ ਦਾ ਸਫ਼ਲ ਮੰਚਨ

ਬਰੈਂਪਟਨ-ਕੈਨੇਡਾ ਵਿੱਚ ਰੰਗਮੰਚ ਦੀਆਂ ਜੜ੍ਹਾਂ ਲਾਉਣ ਵਾਲੀਆਂ ਸੰਸਥਾਵਾਂ ਵਿੱਚੋਂ ਪੰਜਾਬੀ ਆਰਟਸ ਐਸੋਸੀਏਸ਼ਨ ਇੱਕ ਮੁੱਖ ਸੰਸਥਾ ਹੈ। ਇਹ ਉਨਟਾਰੀਓ ਵਿੱਚ 1992 ਤੋਂ ਲਗਾਤਾਰ ਕੰਮ ਕਰ ਰਹੀ ਹੈ। ਸੰਸਥਾ ਦੇ ਪ੍ਰੈਜ਼ੀਡੈਂਟ (ਪ੍ਰਧਾਨ) ਬਲਜਿੰਦਰ ਲੇਲਣਾ, ਸਰਬਜੀਤ ਅਰੋੜਾ, ਕੁਲਦੀਪ ਰੰਧਾਵਾ, ਜਗਵਿੰਦਰ ਜੱਜ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨੇ ਪੂਰਨ ਯਤਨ ਕਰਕੇ ਸਭ ਕੁਝ ਨੇਪਰੇ ਚਾੜ੍ਹਿਆ।

ਇਸ ਵਾਰ ਬਰੈਂਪਟਨ ਦੇ ਸਾਈਰਲ ਕਲਾਰਕ ਥੀਏਟਰ ਵਿੱਚ 'ਨਿੱਕੇ ਨਾਟਕ ਵੱਡੀਆਂ ਗੱਲਾਂ' ਸਿਰਲੇਖ ਅਧੀਨ ਚੌਥੇ ਸੀਜ਼ਨ ਵਿੱਚ, ਤਿੰਨ ਨਾਟਕ ਪੇਸ਼ ਕੀਤੇ ਗਏ, ਜੋ ਬਹੁਤ ਕਮਾਲ ਦੇ ਅਤੇ ਬਹੁਤ ਹੀ ਸਫ਼ਲ ਪੇਸ਼ਕਾਰੀ ਵਾਲੇ ਨਾਟਕ ਸਨ। ਪਹਿਲਾ ਨਾਟਕ ਸੀ 'ਵਿਰਾਮ' ਭਾਵ ਰੁਕ ਜਾਓ। ਇਸ ਦਾ ਵਿਸ਼ਾ ਸਾਡੇ ਬੱਚਿਆਂ ਨਾਲ ਸੰਬੰਧਤ ਸੀ, ਜਿਨ੍ਹਾਂ ਦੇ ਅਸੀਂ ਆਪਣੀ ਮਰਜ਼ੀ ਜਾਂ ਲੋਕਾਂ ਦੇ ਦਬਾਅ ਹੇਠ ਆ ਕੇ ਧੱਕੇ ਨਾਲ ਵਿਆਹ ਕਰ ਦਿੰਦੇ ਹਾਂ। ਅਸੀਂ ਬੱਚਿਆਂ ਨੂੰ ਉਨ੍ਹਾਂ ਦੀ ਮਾਨਸਿਕਤਾ ਜਾਣੇ ਬਗੈਰ, ਉਨ੍ਹਾਂ ਦੀ ਜ਼ਿੰਦਗੀ ਖ਼ਰਾਬ ਕਰ ਦਿੰਦੇ ਹਾਂ। ਦੂਸਰਾ ਨਾਟਕ 'ਆਰ ਏ ਸੀ ਟਿਕਟ' ਨਾਂਅ ਦਾ ਸੀ, ਜਿਸ ਵਿੱਚ ਇੱਕ ਲੜਕੀ ਦਾ ਮਨੋਵਿਗਿਆਨਕ ਦੁਖਾਂਤ ਸੀ। ਇਸ ਨਾਟਕ ਮੇਲੇ ਦਾ ਤੀਸਰਾ ਨਾਵਲ ਵੀ ਅੱਖਾਂ ਖੋਹਲਣ ਅਤੇ ਦਰਸ਼ਕਾਂ ਨੂੰ ਜਾਗਰੂਕ ਕਰਨ ਵਾਲਾ ਸੀ, ਜਿਸ ਦਾ ਨਾਂਅ ਸੀ 'ਸਕੈਮ 2021' ਇਹ ਸਕੈਮ ਕੈਨੇਡੀਅਨ ਜੀਵਨ ਦਾ ਇੱਕ ਅੰਗ ਬਣ ਚੁੱਕੇ ਨੇ। ਪੂਰਾ ਸੰਸਾਰ ਇਨ੍ਹਾਂ ਸਕੈਮਰਾਂ ਦੇ ਵਿਛਾਏ ਜਾਂਦੇ ਜਾਲ ਤੋਂ ਪਰੇਸ਼ਾਨ ਹੈ। ਇਹ ਫੋਨ ਦੀਆਂ ਡੀਲਜ਼, ਘਰ ਵੇਚਣ ਦੇ ਝਾਂਸੇ, ਡਕਟ ਕਲੀਨਿੰਗ, ਲੋਨ ਜਾਂ ਫੇਰ ਨਕਲੀ ਪੁਲਸ ਬਣ ਕੇ ਧਮਕੀਆਂ ਦਿੰਦੇ ਰਹਿੰਦੇ ਹਨ ਤੇ ਬਹੁਤਿਆਂ ਦੇ ਅਕਾਊਂਟ ਵੀ ਸਾਫ਼ ਕਰ ਜਾਂਦੇ ਹਨ।

ਨਾਵਲ 'ਹੀਰੇ ਦੀ ਤਲਾਸ਼ ਖ਼ਤਮ' ਹੋਇਆ ਲੋਕ ਅਰਪਣ

ਸੰਗਰੂਰ-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਮੂਲ ਚੰਦ ਸ਼ਰਮਾ ਦੀ ਪ੍ਰਧਾਨਗੀ ਵਿੱਚ ਮਹੀਨਾਵਾਰ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਉੱਭਰਦੇ ਨਾਵਲਕਾਰ ਬਰਿੰਦਰ ਮਸੌਣ ਦਾ ਪਲੇਠਾ ਨਾਵਲ 'ਹੀਰੇ ਦੀ ਤਲਾਸ਼ ਖ਼ਤਮ' ਲੋਕ ਅਰਪਣ ਕੀਤਾ ਗਿਆ। ਨਾਵਲ ਸੰਬੰਧੀ ਲਿਖੇ ਆਪਣੇ ਭਾਵਪੂਰਨ ਪਰਚੇ ਵਿੱਚ ਨਾਮਵਰ ਲੇਖਿਕਾ ਡਾ. ਦਵਿੰਦਰ ਕੌਰ ਐਡਵੋਕੇਟ ਨੇ ਕਿਹਾ ਕਿ ਬਰਿੰਦਰ ਮਸੌਣ ਦਾ ਨਾਵਲ ਮਿਹਨਤ ਅਤੇ ਲਗਨ ਨਾਲ ਕੀਤੀ ਕਿਰਤ ਨੂੰ ਉਤਸ਼ਾਹਿਤ ਕਰਨ ਵਾਲਾ ਅਹਿਮ ਦਸਤਾਵੇਜ਼ ਹੈ। ਵਿਚਾਰ-ਚਰਚਾ ਨੂੰ ਅੱਗੇ ਤੋਰਦਿਆਂ ਕਰਮ ਸਿੰਘ ਜ਼ਖ਼ਮੀ ਨੇ ਕਿਹਾ ਕਿ ਬਰਿੰਦਰ ਮਸੌਣ ਦਾ ਨਾਵਲ ਕਿਰਤ ਸੱਭਿਆਚਾਰ ਦੀ ਬਹਾਲੀ ਲਈ ਇੱਕ ਨਿੱਗਰ ਉਪਰਾਲਾ ਹੈ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਮੂਲ ਚੰਦ ਸ਼ਰਮਾ ਨੇ ਕਿਹਾ ਕਿ ਬਰਿੰਦਰ ਮਸੌਣ ਦਾ ਨਾਵਲ ਸਾਹਿਤਕ ਹਲਕਿਆਂ ਵਿੱਚ ਗੰਭੀਰ ਚਰਚਾ ਨੂੰ ਜਨਮ ਦੇਵੇਗਾ। ਆਪਣੇ ਜੀਵਨ ਅਤੇ ਲਿਖਣ ਪ੍ਰਕਿਰਿਆ ਸੰਬੰਧੀ ਯਾਦਾਂ ਸਾਂਝੀਆਂ ਕਰਦਿਆਂ ਬਰਿੰਦਰ ਮਸੌਣ ਨੇ ਕਿਹਾ ਕਿ ਕਿਸੇ ਰੈਸਟੋਰੈਂਟ ਵਿੱਚ ਖਾਣਾ ਪਰੋਸਣ ਦੇ ਰੰਦੇ ਪ੍ਰਬੰਧ ਨੇ ਉਨ੍ਹਾਂ ਨੂੰ ਇਹ ਨਾਵਲ ਲਿਖਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਲਈ ਪਾਏ ਵਡਮੁੱਲੇ ਯੋਗਦਾਨ ਲਈ ਉਨ੍ਹਾਂ ਨੂੰ ਸਭਾ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਉਪਰੰਤ ਸ਼ਹੀਦ ਊਧਮ ਸਿੰਘ ਨੂੰ ਸਮਰਪਿਤ ਕਵੀ ਦਰਬਾਰ ਵੀ ਹੋਇਆ, ਜਿਸ ਵਿੱਚ ਹਾਜ਼ਰ ਕਵੀਆਂ ਨੇ ਆਪਣੇ ਕਲਾਮ ਪੇਸ਼ ਕੀਤੇ। ਮੰਚ ਸੰਚਾਲਨ ਦੀ ਭੂਮਿਕਾ ਸੁਖਵਿੰਦਰ ਸਿੰਘ ਲੋਟੇ ਨੇ ਬਾਖ਼ੂਬੀ ਨਿਭਾਈ।

'ਸੂਰਜ ਦਾ ਪਰਛਾਵਾਂ' ਦਾ ਤੀਜਾ ਐਡੀਸ਼ਨ ਲੋਕ ਅਰਪਣ

ਲੁਧਿਆਣਾ-ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੇ ਸਹਿਯੋਗ ਨਾਲ ਪੰਜਾਬੀ ਭਵਨ, ਲੁਧਿਆਣਾ ਵਿਖੇ ਸੁਰਿੰਦਰ ਕੈਲੇ ਦੇ ਮਿੰਨੀ ਕਹਾਣੀ ਸੰਗ੍ਰਹਿ 'ਸੂਰਜ ਦਾ ਪਰਛਾਵਾਂ' ਦਾ ਤੀਜਾ ਪਰਾਗਾ ਲੋਕ ਅਰਪਣ ਕੀਤਾ ਗਿਆ। ਇਸ ਦਾ ਪਹਿਲਾ ਤੇ ਦੂਜਾ ਪਰਾਗਾ ਕਰਮਵਾਰ 2018 ਤੇ 2023 ਵਿਚ ਪ੍ਰਕਾਸ਼ਿਤ ਹੋਇਆ ਸੀ। ਇਸ ਪੁਸਤਕ ਦਾ ਹਿੰਦੀ ਅਨੁਵਾਦ ਤੇ ਪ੍ਰਕਾਸ਼ਨਾ ਦੇਵਸ਼ਿਲਾ ਪ੍ਰਕਾਸ਼ਨ ਪਟਿਆਲਾ ਵੱਲੋਂ 2019 ਵਿਚ ਕੀਤੀ ਗਈ ਸੀ। ਸਾਲ 2020 ਵਿਚ ਇਸ ਪੁਸਤਕ ਦੀਆਂ ਮਿੰਨੀ ਕਹਾਣੀਆਂ 'ਤੇ ਅਧਾਰਤ ਡਾ. ਅਰਵਿੰਦਰ ਕੌਰ ਕਾਕੜਾ ਵੱਲੋਂ ਪ੍ਰਮੁੱਖ ਵਿਦਵਾਨਾਂ ਵੱਲੋਂ ਲਿਖੇ ਨਿਬੰਧਾਂ ਦੀ ਪੁਸਤਕ ਸੰਪਾਦਤ ਕੀਤੀ ਗਈ ਸੀ। ਪਾਠਕਾਂ ਦੀ ਵਧਦੀ ਮੰਗ ਪੂਰੀ ਕਰਨ ਲਈ ਅਣੂ ਮੰਚ ਵਲੋਂ ਇਸ ਦਾ ਤੀਸਰਾ ਪਰਾਗਾ ਰਿਲੀਜ਼ ਕੀਤਾ ਗਿਆ।

ਪੁਸਤਕ ਰੀਲੀਜ਼ ਕਰਨ ਦੀ ਰਸਮ ਡਾ. ਸੁਖਦੇਵ ਸਿੰਘ ਸਿਰਸਾ ਤੇ ਡਾ. ਸਰਬਜੀਤ ਸਿੰਘ, ਡਾ. ਕੁਲਦੀਪ ਸਿੰਘ ਦੀਪ, ਡਾ. ਜੋਗਿੰਦਰ ਸਿੰਘ ਨਿਰਾਲਾ, ਡਾ. ਗੁਲਜ਼ਾਰ ਸਿੰਘ ਪੰਧੇਰ, ਪ੍ਰੋ. ਬਲਦੇਵ ਬੱਲੀ, ਹਰਮੀਤ ਵਿਦਿਆਰਥੀ, ਜਸਪਾਲ ਮਾਨਖੇੜਾ, ਸੁਰਜੀਤ ਜੱਜ, ਡਾ. ਹਰੀ ਸਿੰਘ ਜਾਚਕ, ਤਰਸੇਮ ਬਰਨਾਲਾ, ਸੁਰਿੰਦਰ ਕੈਲੇ ਆਦਿ ਪ੍ਰਮੁੱਖ ਵਿਦਵਾਨਾਂ ਨੇ ਨਿਭਾਈ। ਪੁਸਤਕ ਦੇ ਨਵੇਂ ਐਡੀਸ਼ਨ ਦੀ ਪ੍ਰਕਾਸ਼ਨਾ 'ਤੇ ਹਾਜ਼ਰੀਨ ਨੇ ਮੁਬਾਰਕਬਾਦ ਦਿੱਤੀ। ਸੁਰਿੰਦਰ ਕੈਲੇ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

'ਟਰਾਂਸਫਾਰਮਿੰਗ ਐਜ਼ੂਕੇਸ਼ਨ' ਦੀ ਘੁੰਢ ਚੁਕਾਈ

ਗੜ੍ਹਸ਼ੰਕਰ- ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਕਾਲਜ ਦੇ ਪ੍ਰੋਫੈਸਰ ਸਾਹਿਬਾਨਾਂ ਵੱਲੋਂ ਛਪਵਾਈ ਪੁਸਤਕ 'ਟਰਾਂਸਫਾਰਮਿੰਗ ਐਜ਼ੂਕੇਸ਼ਨ' ਦੀ ਘੁੰਢ ਚੁਕਾਈ ਕੀਤੀ ਗਈ।ਇਹ ਰਸਮ ਡਾ. ਅਮਨਪ੍ਰੀਤ ਸਿੰਘ ਸਹਾਇਕ ਡਾਇਰੈਕਟਰ ਐਜ਼ੂਕੇਸ਼ਨ ਸ਼੍ਰੋਮਣੀ ਕਮੇਟੀ ਅਤੇ ਕਾਲਜ ਦੇ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਵਲੋਂ ਸਾਂਝੇ ਤੌਰ 'ਤੇ ਨਿਭਾਈ ਗਈ।ਇਸ ਮੌਕੇ ਡਾ. ਜਸਬੀਰ ਸਿੰਘ ਪ੍ਰਿੰਸੀਪਲ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਆਨੰਦਪੁਰ ਸਾਹਿਬ ਤੇ ਡਾ. ਜਸਪਾਲ ਸਿੰਘ ਪ੍ਰਿੰਸੀਪਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਪੁਸਤਕ ਦੀ ਘੁੰਡ ਚੁਕਾਈ ਕਰਦਿਆਂ ਸਹਾਇਕ ਡਾਇਰੈਕਟਰ ਡਾ. ਅਮਨਪ੍ਰੀਤ ਸਿੰਘ ਅਤੇ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਸਟਾਫ਼ ਨੂੰ ਵਧਾਈ ਦਿੰਦਿਆ ਭਵਿੱਖ ਵਿਚ ਅਜਿਹੇ ਉਪਰਾਲੇ ਕਰਨ ਲਈ ਪ੍ਰੇਰਿਤ ਕੀਤਾ। ਕਾਲਜ ਦੇ ਵਾਈਸ ਪ੍ਰਿੰਸੀਪਲ ਪ੍ਰੋ. ਲਖਵਿੰਦਰਜੀਤ ਕੌਰ ਨੇ ਬੋਲਦਿਆਂ ਕਿਹਾ ਕਿ ਡਾ. ਕੁਲਦੀਪ ਕੌਰ ਅਤੇ ਪ੍ਰੋ. ਜਸਵਿੰਦਰ ਕੌਰ ਦੀ ਸੰਪਾਦਨਾ ਹੇਠ ਤਿਆਰ ਇਸ ਪੁਸਤਕ ਵਿਚ ਕਾਲਜ ਦੇ ਪ੍ਰੋਫੈਸਰ ਸਾਹਿਬਾਨਾਂ ਨੇ 'ਆਧੁਨਿਕ ਟੈਕਨਾਲੋਜੀ ਦਾ ਉਚੇਰੀ ਸਿੱਖਿਆ ਅਤੇ ਖੋਜ ਉਪਰ ਪ੍ਰਭਾਵ' ਵਿਸ਼ੇ 'ਤੇ ਆਪਣੇ ਗਿਆਨ ਭਰਪੂਰ ਵਿਚਾਰ ਦਰਜ਼ ਹਨ।ਪੁਸਤਕ ਦੀ ਘੁੰਡ ਚੁਕਾਈ ਮੌਕੇ ਕਾਲਜ ਦਾ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼ ਹਾਜ਼ਰ ਹੋਇਆ।

-ਫੂਲਾ ਸਿੰਘ ਬੀਰਮਪੁਰ

ਪੰਜਾਬੀ 'ਵਰਸਿਟੀ ਪਟਿਆਲਾ ਨੇ ਪੰਜਾਬੀ ਦੀ ਲਾਜ਼ਮੀ ਪੜ੍ਹਾਈ ਤੋਂ ਫੇਰ ਪਾਸਾ ਵੱਟਿਆ : ਸੰਧੂ ਵਰਿਆਣਵੀ

ਅੱਪਰਾ-ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿਸਟਰਡ ਦੇ ਪ੍ਰਧਾਨ ਪਵਨ ਹਰਚੰਦਪੁਰੀ ਅਤੇ ਸਕਤਰ ਜਨਰਲ ਪ੍ਰੋਫੈਸਰ ਸੰਧੂ ਵਰਿਆਣਵੀ ਨੇ ਉਚੇਰੀ ਸਿੱਖਿਆ ਦੇ ਮੁੱਖ ਸਕੱਤਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਕਮਲ ਕਿਸ਼ੋਰ ਯਾਦਵ ਨੂੰ ਇਕ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਕੰਪਿਊਟਰ ਵਿਭਾਗ ਅਤੇ ਯੂਨੀਵਰਸਿਟੀ ਨਾਲ ਸੰਬੰਧਤ ਕੁਝ ਕਾਲਜਾਂ ਵਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਅਕਾਦਮਿਕ ਕੌਂਸਲ ਦੇ ਪੰਜਾਬੀ ਦੀ ਲਾਜਮੀ ਪੜ੍ਹਾਈ ਸੰਬੰਧੀ ਕੀਤੇ ਗਏ ਫ਼ੈਸਲਿਆਂ ਦੀ ਉਲੰਘਣਾ ਕੀਤੇ ਜਾਣ ਦੀ ਜਾਂਚ ਕਰਵਾਈ ਜਾਵੇ। ਪ੍ਰੋਫੈਸਰ ਸੰਧੂ ਵਰਿਆਣਵੀ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 21 ਜੁਲਾਈ, 2023 ਨੂੰ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਅਨੁਸਾਰ ਅਕਾਦਮਿਕ ਕੌਂਸਿਲ ਦੀ 07-07-2023 ਨੂੰ ਹੋਈ ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਸੀ ਕਿ "ਬੀ.ਸੀ.ਏ. (ਤਿੰਨ ਸਾਲਾ ਡਿਗਰੀ ਕੋਰਸ) ਦੇ ਛੇਆਂ ਹੀ ਸਮੈਸਟਰਾਂ ਵਿੱਚ ਵੀ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਇਆ ਜਾਵੇਗਾ। ਇਸ ਦੇ ਪਾਠਕ੍ਰਮ ਪੰਜਾਬੀ ਵਿਭਾਗ ਦੀ 'ਬੋਰਡ ਆਫ਼ ਸਟੱਡੀਜ਼' ਵਲੋਂ ਨਵੀਆਂ ਤਕਨੀਕਾਂ, ਸਾਫ਼ਟਵੇਅਰ ਤੇ ਕੰਪਿਊਟਰ ਸੰਬੰਧੀ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਏ ਜਾਣਗੇ ਅਤੇ ਇਨ੍ਹਾਂ ਨੂੰ ਪੰਜਾਬੀ ਦੇ ਕੋਰਸਾਂ ਵਿੱਚ ਸ਼ਾਮਿਲ ਕੀਤਾ ਜਾਵੇਗਾ।'

ਪੰਜਾਬੀ ਵਿਭਾਗ ਵੱਲੋਂ ਅਕਾਦਮਿਕ ਕੌਂਸਲ ਦੇ ਆਦੇਸ਼ ਅਨੁਸਾਰ ਪਾਠਕ੍ਰਮ ਬਣਾ ਕੇ ਭੇਜ ਵੀ ਦਿੱਤੇ ਗਏ ਹਨ, ਜੋ ਯੂਨੀਵਰਸਿਟੀ ਦੀ ਵੈੱਬਸਾਈਟ ਉੱਪਰ ਵੀ ਉਪਲਬੱਧ ਹਨ। ਪਰ ਯੂਨੀਵਰਸਿਟੀ ਦੇ ਕੰਪਿਊਟਰ ਵਿਭਾਗ ਵੱਲੋਂ ਯੂਨੀਵਰਸਿਟੀ ਵੈੱਬਸਾਈਟ ਤੇ ਬੀ.ਸੀ.ਏ. ਕੋਰਸ ਦੀ ਸਕੀਮ ਵਿਚ ਪੰਜਾਬੀ ਲਾਜ਼ਮੀ ਦਾ ਵਿਸ਼ਾ ਪਹਿਲੇ ਦੋ ਸਮੈਸਟਰਾਂ ਵਿਚ ਹੀ ਲਾਗੂ ਦਿਖਾਇਆ ਗਿਆ ਹੈ। ਅਕਾਦਮਿਕ ਕੌਂਸਲ ਦੇ ਫ਼ੈਸਲੇ ਅਨੁਸਾਰ ਬੀ.ਸੀ.ਏ. ਦੇ ਸਾਰੇ ਸਮੈਸਟਰਾਂ ਵਿਚ ਪੰਜਾਬੀ ਲਾਜ਼ਮੀ ਦਾ ਵਿਸ਼ਾ ਪੜ੍ਹਾਉਣਾ ਲਾਜ਼ਮੀ ਹੈ। ਇਸ ਤਰ੍ਹਾਂ ਕੰਪਿਊਟਰ ਸਾਇੰਸ ਵਿਭਾਗ ਵੱਲੋਂ ਅਕਾਦਮਿਕ ਕੌਂਸਲ ਦੇ ਫ਼ੈਸਲੇ ਦੀ ਸਰਾਸਰ ਉਲੰਘਣਾ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਇਸ ਮਾਮਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ,ਸੰਬੰਧਿਤ ਅਧਿਕਾਰੀਆਂ/ਵਿਭਾਗਾਂ ਅਤੇ ਕਾਲਜਾਂ ਨੂੰ ਨਿਰਦੇਸ਼ ਦਿੱਤੇ ਜਾਣ ਕਿ ਉਹ ਅਕਾਦਮਿਕ ਕੌਂਸਿਲ ਦੇ ਫ਼ੈਸਲਿਆਂ ਅਨੁਸਾਰ ਪੰਜਾਬੀ ਦੀ ਲਾਜ਼ਮੀ ਪੜ੍ਹਾਈ ਨੂੰ ਯਕੀਨੀ ਬਣਾਉਣ। ਪ੍ਰੋਫੈਸਰ ਸੰਧੂ ਵਰਿਆਣਵੀ ਨੇ ਇਸ ਪੱਤਰ ਦਾ ਉਤਾਰਾ, ਉਚੇਰੀ ਸਿੱਖਿਆ ਮੰਤਰੀ, ਪੰਜਾਬ ਸਕੱਤਰ, ਉਚੇਰੀ ਸਿੱਖਿਆ ਪੰਜਾਬ, ਡਾਇਰੈਕਟਰ , ਭਾਸ਼ਾ ਵਿਭਾਗ ਪੰਜਾਬ, ਪ੍ਰਧਾਨ, ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਪ੍ਰਧਾਨ, ਪੰਜ

4-Aug-Sunday.qxd 8/3/2024 10:50 PM Page 3

ਸੁਰਿੰਦਰ ਗੀਤ ਪੰਜਾਬੀ ਕਾਵਿ-ਸਾਹਿਤ ਵਿਚ ਉਘੜਵਾਂ-ਗੂਹੜਾ ਹਸਤਾਖ਼ਰ ਹੈ। ਦਰਅਸਲ, ਉਸ ਨੇ ਨਿਆਣ-ਮੱਤੀਆਂ ਵੇਲੇ ਕਾਵਿ-ਪਰਵਾਜ਼ਾਂ ਭਰਨੀਆਂ ਸ਼ੁਰੂ ਕਰ ਦਿੱਤੀਆਂ। ਕਾਵਿ-ਤਰੰਗਾਂ ਨੂੰ ਕਾਗਜ਼ਾਂ ਦੀ ਹਿੱਕ 'ਤੇ ਸੁਆਰ-ਉਭਾਰ ਕੇ ਬੀੜਨ ਦਾ ਬੀੜਾ ਚੁੱਕਿਆ। ਹੌਲੀ ਉਮਰੇ ਉਹਦੀਆਂ ਮੱਠੀਆਂ-ਮਿੱਠੀਆਂ ਕਾਵਿ-ਸੁਰਾਂ ਦਾ ਅਲਾਪ ਆਸੇ-ਪਾਸੇ ਸੁਣਿਆ ਜਾਣ ਲੱਗਾ। ਕਾਵਿ-ਖ਼ਿਆਲ ਸੰਜੀਦਾ ਕਾਵਿ ਵਿਚ ਤਬਦੀਲ ਹੁੰਦੇ ਗਏ।ਪਿਛਲੇ ਪੰਜ ਦਹਾਕਿਆਂ ਤੋਂ ਸਾਹਿਤ ਸਿਰਜਣ ਕਰ ਰਹੀ ਤੇ ਤਕਰੀਬਨ ਏਨੇ ਹੀ ਵਰ੍ਹਿਆਂ ਤੋਂ ਕੈਨੇਡਾ ਵਸਦੀ ਸੁਰਿੰਦਰ ਗੀਤ ਦੀ ਰੂਹ ਭਾਰਤ ਤੇ ਪੰਜਾਬ ਵਿਚ ਵਸਦੀ ਹੈ। ਇਸ ਦੀ ਗਵਾਹੀ ਉਸ ਦੀ ਕਵਿਤਾ ਦਿੰਦੀ ਹੈ। **—ਬਲਬੀਰ ਮਾਧੋਪੁਰੀ**

ਸੁਰਿੰਦਰ ਗੀਤ ਦੀਆਂ ਕਵਿਤਾਵਾਂ

ਅਸੀਂ

ਇਸ ਧਰਤੀ ਦੇ
ਅਸੀਂ ਪ੍ਰਾਣੀ
ਸਰਬ-ਸ੍ਰੇਸ਼ਟ
ਸਭ ਤੋਂ ਵੱਡੇ
ਸਾਡੇ ਪੇਟ
ਦੱਬ ਗਏ ਹਾਂ
ਆਪਣੇ ਹੀ ਅਸੀਂ
ਭਾਰ ਦੇ ਹੇਠ।

ਸਾਡਾ ਅੱਜ ਸਾਡਾ ਕੱਲ੍ਹ
ਸਾਡਾ ਕੱਲ੍ਹ ਵਿਕਿਆ
ਸਾਡਾ ਅੱਜ ਵਿਕਦੈ
ਅਸੀਂ ਕੱਲ੍ਹ ਬਚਾ ਕੇ ਰੱਖਣਾ ਹੈ
ਅਸੀਂ ਆਪਣੀ ਰੂਹ ਦੇ ਦਰਦਾਂ 'ਚੋਂ
ਆਪੇ ਹੀ ਦਾਰੂ ਲੱਭਣਾ ਹੈ।

ਸਾਨੂੰ ਕੌਣ ਪੁੱਛੇ ਸਾਡੇ ਪਿੰਡ ਆ ਕੇ
ਸਾਡੇ ਪਿੰਡ ਦੀ ਰੌਣਕ ਕਿੱਧਰ ਗਈ
ਸਾਨੂੰ ਦਿਲਾਂ ਦੇ ਸਾਜ਼ਾਂ 'ਤੇ ਸਿਰਜੀ
ਕਿਉਂ ਧੁਨ ਰਬਾਬੀ ਵਿੱਸਰ ਗਈ
ਅਸੀਂ ਆਪਣੀਆਂ ਪਾਕ ਹਵਾਵਾਂ 'ਚੋਂ
ਹੁਣ ਲੱਚਰਪੁਣੇ ਨੂੰ ਕੱਢਣਾ ਹੈ।

ਕੋਈ ਹੱਕ ਮੰਗਦਾ ਕੋਈ ਟੁੱਕ ਮੰਗਦਾ
ਲੋਕਾਂ ਦੇ ਆ ਵਿਚਕਾਰ ਖੜਾ
ਉਹਦੇ ਨੈਣੀਂ ਰੋਹ ਹੈ ਅੱਗ ਵਰਗਾ
ਪਰ ਢਿੱਡ ਵਿੱਚ ਭੁੱਖ ਦਾ ਦਰਦ ਬੜਾ
ਉਹਦੇ ਦਰਦ ਨੇ ਬਣ ਤੁਫਾਨ ਜੇਹਾ
ਕਿਸੇ ਲੋਟੂ ਵੱਲ ਨੂੰ ਵਧਣਾ ਹੈ।

ਕੋਈ ਰੁੱਖ ਦੇ ਟਾਹਣ 'ਤੇ ਲਟਕ ਗਿਆ
ਦੇਖੋ ਉਹ ਬਾਪੂ ਕਿਸ ਦਾ ਹੈ
ਉਹਦੇ ਖੁੱਲ੍ਹੇ ਨੈਣਾਂ 'ਚੋਂ ਸਾਨੂੰ
ਉਹਦਾ ਜਿਉਂਦਾ ਸੁਪਨਾ ਦਿਸਦਾ ਹੈ
ਉਹਦਾ ਸੁਪਨਾ ਭਰ ਅਪਣੇ ਨੈਣੀਂ
ਉਹਨੂੰ ਰਾਹ ਜ਼ਿੰਦਗੀ ਦਾ ਦੱਸਣਾ ਹੈ।

ਚਿੱਟੇ ਉੱਡੇ ਕਾਲੇ ਆ ਗਏ
ਰੰਗ ਉੱਡਿਆ ਫੁੱਲ ਗੁਲਾਬੀ ਦਾ
ਸਾਡਾ ਸਤਲੁਜ ਸਾਨੂੰ ਪੁੱਛਦਾ ਹੈ
ਕੀ ਭਾਵ ਹੈ ਏਸ ਆਜ਼ਾਦੀ ਦਾ
ਜੋ ਸਤਲੁਜ ਕੰਢੇ ਬਲਦਾ ਹੈ
ਉਸ ਦੀਪ ਨੂੰ ਬਲਦੇ ਰੱਖਣਾ ਹੈ।

ਕਵਿਤਾ ਤੂੰ ਆ

ਕਵਿਤਾ ਤੂੰ ਆ
ਪਰ ਇਸ ਤਰ੍ਹਾਂ ਆ
ਕਿ ਤੇਰੇ ਆਉਣ 'ਤੇ
ਠੰਢੇ ਚੁੱਲ੍ਹਿਆਂ 'ਚ
ਅੱਗ ਬਲ ਪਵੇ
ਭੁੱਖ ਦੀ ਅੱਗ ਨੂੰ
ਠੱਲ੍ਹ ਪਵੇ
ਫੁੱਟ-ਪਾਥਾਂ 'ਤੇ ਸੁੱਤਿਆਂ ਨੂੰ
ਘਰ ਮਿਲੇ
ਚੌਦੀਆਂ ਝੁੱਗੀਆਂ 'ਤੇ
ਛੱਤ ਪਵੇ
ਨੰਗਿਆਂ ਨੂੰ
ਤਨ ਢਕਣ ਲਈ ਕੱਪੜਾ ਮਿਲੇ
ਤੂੰ ਲੋਕ-ਰਾਜ ਦੀ ਆਵਾਜ਼ ਬਣ ਕੇ ਆ
ਧਰਤੀ 'ਤੇ ਵਸਦੇ ਹਰ ਮਨੁੱਖ ਲਈ
ਮਨੁੱਖਾ ਜੂਨ ਬਣ ਕੇ ਆ
ਕਵਿਤਾ ਤੂੰ ਆ
ਪਰ ਇਸ ਤਰ੍ਹਾਂ ਆ
ਕਿ ਤੇਰੇ ਆਉਣ 'ਤੇ
ਠੰਢੇ ਚੁੱਲ੍ਹਿਆਂ 'ਚ
ਅੱਗ ਬਲ ਪਵੇ।

ਹੋਰ ਲਿਖੀਂ ਤੂੰ
ਜਾਂਦੇ ਰਾਹੀਆ
ਠਹਿਰ ਜ਼ਰਾ ਤੂੰ
ਪੜ੍ਹ ਕੇ ਜਾਵੀਂ ਕਵਿਤਾ
ਕਵਿਤਾ ਪੜ੍ਹ ਕੇ
ਹੋਰ ਲਿਖੀਂ ਤੂੰ
ਹੋਰ ਸੁਚੱਜੀ ਕਵਿਤਾ
ਹੋਰ ਨੂੰ ਪੜ੍ਹ ਕੇ
ਹੋਰ ਲਿਖੀਂ ਤੂੰ
ਲਿਖਦਾ ਜਾਵੀਂ
ਜਦ ਤੱਕ ਸਾਡੀ ਧਰਤੀ ਉੱਤੇ
ਰਾਜ ਨਹੀਂ ਕਰਦੀ ਕਵਿਤਾ

ਚਿੜੀਆਂ

ਇਹ ਨਹੀਂ ਕਿ
ਚਿੜੀਆਂ ਨੂੰ ਕੇਵਲ
ਚੀਂ ਚੀਂ ਕਰਨਾ
ਨੱਚਣਾ ਤੇ ਟੱਪਣਾ ਹੀ
ਆਉਂਦਾ ਹੈ

ਜਦੋਂ ਕੋਈ ਚਿੜੀ

ਅਸੀਂ

ਆਪਣੇ ਹੱਕ ਦੀ
ਤੇ ਸੱਚ ਦੀ
ਹੇਕ ਲਾਉਂਦੀ ਹੈ
ਤਾਂ
ਗੁਰੂ ਗੋਬਿੰਦ ਬਾਪੜਾ ਬਖ਼ਸ਼ਦਾ ਹੈ
ਧਰਤੀ ਆਸ਼ੀਰਵਾਦ ਦਿੰਦੀ ਹੈ
ਅੰਬਰ ਝੁਕ ਝੁਕ
ਸਲਾਮ ਕਰਦਾ ਹੈ
ਨਵਾਂ ਪੰਨਾ ਖੁੱਲ੍ਹਦਾ ਹੈ
ਨਵਾਂ ਇਤਿਹਾਸ ਬਣਦਾ ਹੈ।

ਮਜ਼ਦੂਰ ਔਰਤ

ਸੜਕ 'ਤੇ
ਰੋੜੀ ਕੁੱਟਦੀ
ਕਿਸੇ ਧਨਾਢ ਜੱਟ ਦਾ
ਗੋਹਾ ਕੂੜਾ ਕਰਦੀ
ਗਲੀਆਂ ਨਾਲੀਆਂ ਸਾਫ਼ ਕਰਦੀ
ਭੱਠੇ 'ਤੇ ਇੱਟਾਂ ਢੋਂਦੀ
ਵੱਟਾਂ ਤੋਂ ਘਾਹ ਖੋਤਦੀ
ਪਸ਼ੂ ਚਾਰਦੀ
ਗੱਲ ਕੀ
ਹਰ ਮਜ਼ਦੂਰ ਔਰਤ
ਮੈਨੂੰ ਵਿਸ਼ਵ ਸੁੰਦਰੀ ਤੋਂ
ਸੁੰਦਰ ਲੱਗਦੀ ਹੈ
ਕਿਉਂਕਿ
ਉਸਦੇ ਖਿੱਲਰੇ ਹੋਏ
ਉਲਝੇ ਮੈਲ਼ੇ ਵਾਲ
ਧੁੱਪ ਨਾਲ ਝੁਲਸੇ
ਗੋਰੇ ਗੁਲਾਬੀ ਰੰਗ
ਬੁੱਲ੍ਹਾਂ 'ਤੇ ਜੰਮੀ ਸਿੱਕਰੀ ਦੀ
ਪੋਪੜੀ
ਅੱਟਣਾਂ ਨਾਲ ਭਰੇ ਖ਼ਰਦਰੇ ਹੱਥਾਂ
ਅਤੇ ਕੋਇਆਂ ਵਿੱਚ ਧੱਸੀਆਂ
ਉਦਾਸ ਸੁਪਨਿਆਂ ਨਾਲ
ਭਰੀਆਂ ਅੱਖਾਂ 'ਚੋਂ
ਉਸ ਦੀ ਉਹ ਮਿਹਨਤ ਝਲਕਦੀ ਹੈ
ਜਿਸ ਉੱਤੇ
ਲੱਕ ਮਟਕਾ-ਮਟਕਾ
ਸਕਰੀਨ 'ਤੇ ਤੁਰੀ ਫਿਰਦੀ
ਆਪਣੇ ਅੰਦਾਜ਼ ਦਿਖਾਉਂਦੀ

ਵਿਸ਼ਵ ਸੁੰਦਰੀ ਪਲਦੀ ਹੈ
ਮਜ਼ਦੂਰ ਔਰਤ ਦੀ
ਮੁੜ੍ਹਕੇ ਨਾਲ ਭਿੱਜੀ
ਥਾਂ ਥਾਂ ਤੋਂ ਪਾਟੀ
ਸੂਈ ਨਾਲ
ਸੜੋਪੇ ਮਾਰ ਮਾਰ ਸਿਊਂਤੀ ਕੁੜਤੀ
ਤੇ ਟਾਕੀਆਂ ਵਾਲੀ ਸਲਵਾਰ
ਵਿਸ਼ਵ ਸੁੰਦਰੀ ਦੀ ਕੀਮਤੀ ਪੋਸ਼ਾਕ ਤੋਂ
ਵੱਧ ਕੀਮਤੀ ਜਾਪਦੀ ਹੈ
ਕਿਉਂਕਿ
ਵਿਸ਼ਵ ਸੁੰਦਰੀ ਦੀ ਪੋਸ਼ਾਕ
ਉਸ ਦਾ ਤਨ ਨਹੀਂ ਢਕਦੀ
ਸਗੋਂ ਨੰਗੇਜ ਖਿਲਾਰਦੀ ਹੈ।
ਮੈਨੂੰ ਹਰ ਮਜ਼ਦੂਰ ਔਰਤ
ਵਿਸ਼ਵ ਸੁੰਦਰੀ ਤੋਂ ਸੁੰਦਰ ਜਾਪਦੀ ਹੈ।

ਮੁੜ ਆਇਆ ਹੈ

ਉਹ
ਅੱਜ ਪਿੰਡੋਂ
ਮੁੜ ਆਇਆ ਹੈ
ਚਾਰ ਕੁ ਇੱਟਾਂ ਘਰ ਦੀਆਂ ਛੱਡ ਕੇ
ਬਾਕੀ ਸਭ ਕੁਝ ਵੇਚ ਆਇਆ ਹੈ
ਪੰਡ ਨੋਟਾਂ ਦੀ
ਕੱਛ ਵਿੱਚ ਲੈ ਕੇ
ਜਦ ਉਹ ਤੁਰਿਆ
ਨੋਟਾਂ ਦਾ ਲਿਸ਼ਕਾਰਾ ਤੱਕ ਕੇ
ਰੋਮ ਰੋਮ 'ਚੋਂ ਹਾਸਾ ਫੁੱਟਿਆ
ਦੇਸ਼ ਪਰਾਏ
ਝੀਲ ਕਿਨਾਰੇ
ਮਹਿਲ ਵਰਗੇ
ਇਕ ਘਰ ਵਿੱਚ ਬਹਿ ਕੇ
ਲਊ ਨਜ਼ਾਰੇ

ਪਰ ਜਦ ਨਿਗਾਹ
ਖ਼ੇਤ 'ਤੇ ਮਾਰੀ
ਬਾਪੂ ਦਾ ਪਰਛਾਵਾਂ ਦਿਸਿਆ
ਸਿਖ਼ਰ ਦੁਪਹਿਰੇ
ਖਾਲ ਦੀ ਵੱਟ ਕੇ
ਮੋਢੇ ਉੱਤੇ ਕਹੀ ਨੂੰ ਰੱਖ ਕੇ
ਕੁੱਬਾ ਕੁੱਬਾ
ਲੜਖੜਾਉਂਦਾ
ਮੋਟਰ ਵੱਲ ਨੂੰ ਜਾਂਦਾ ਦਿਸਿਆ

ਰੂਹ ਬਾਪੂ ਦੀ
ਖ਼ੇਤ 'ਚ ਵਸਦੀ
ਵੱਟਾਂ ਉੱਤੇ ਤੁਰਦੀ ਫਿਰਦੀ
ਫ਼ਸਲਾਂ ਦੇ ਸੰਗ ਗੱਲਾਂ ਕਰਦੀ
ਆਪਣੀ ਵੱਟ 'ਤੇ
ਦੇਖ ਪਰਾਇਆ
ਝੁਰਦੀ ਜਾਂਦੀ

ਸਣੇ ਉਹ ਰੂਹ ਦੇ
ਖ਼ੇਤ ਬਾਪੂ ਦਾ ਵੇਚ ਆਇਆ ਹੈ
ਆਪਣਾ ਹੱਕ ਗਵਾ ਆਇਆ ਹੈ

ਇਹ ਕੀ ਹੋਇਆ
ਸਾਰਾ ਪਿੰਡ ਪਰਾਇਆ ਹੋਇਆ
ਕਾਰ 'ਚ ਬਹਿ ਕੇ
ਆਪਣੇ ਆਪੇ ਤੇ ਲੋਕਾਂ ਤੋਂ
ਚੋਰੀ ਚੋਰੀ
ਧਾਹੀਂ ਰੋਇਆ

ਘਰ ਦੀਆਂ ਚਾਰ ਕੁ
ਇੱਟਾਂ ਛੱਡ ਕੇ
ਬਾਕੀ ਸਭ ਕੁਝ ਵੇਚ ਆਇਆ ਹੈ
ਅੱਜ ਉਹ ਪਿੰਡੋਂ ਮੁੜ ਆਇਆ ਹੈ।

ਸ਼ਬਦ ਸੁਨੱਖਾ

ਤੜਕਸਾਰ
ਇਕ ਸ਼ਬਦ ਸੁਨੱਖੇ
ਮੈਨੂੰ ਆਣ ਜਗਾਇਆ
ਕਹਿਣ ਲੱਗਾ
ਉੱਠ ਕਰ ਇਸ਼ਨਾਨ
ਮੇਰੇ ਮੂਹਰੇ ਬਹਿ ਜਾ
ਤੇਰੇ ਲਈ ਮੈਂ ਅੱਗ ਦਾ ਭੋਰਾ
ਮੰਗ ਸੂਰਜ ਤੋਂ ਲਿਆਇਆ

ਮੈਂ ਉੱਠੀ
ਮੈਂ ਨਾੜ੍ਹੀ ਧੋਤੀ
ਬਹਿ ਗਈ ਸ਼ਬਦ ਦੇ ਸਾਹਵੇਂ
ਅਦਬ ਪਿਆਰ ਦੇ ਨਾਲ ਓਸ ਨੇ
ਅੱਗ ਦਾ ਭੋਰਾ
ਮੇਰੀ ਤਲੀ ਟਿਕਾਇਆ
ਨੈਣਾਂ 'ਚੋਂ ਦੋ ਹੰਝੂ ਕਿਰਕੇ
ਅਗਨੀ ਦੇ ਸੰਗ ਰਲ ਗਏ
ਵੇਂਹਦੇਂ ਵੇਂਹਦੇ
ਕਾਗਜ਼ ਉੱਤੇ
ਹੜ੍ਹ ਕਵਿਤਾ ਦਾ ਆਇਆ ।

(ਹਰ ਕੀ ਪੌੜੀ 'ਤੇ ਗੰਗਾ ਇਸ਼ਨਾਨ ਕਰਨ ਵੇਲੇ ਰੁੜ੍ਹ ਗਏ ਪੰਜ ਕਾਂਵੜੀਆਂ ਨੂੰ ਖ਼ਤਰਾ ਸਹੇੜ ਕੇ ਬਚਾਉਣ ਵਾਲੇ ਐੱਸ ਡੀ ਆਰ ਐੱਫ ਦੇ ਜਵਾਨ ਆਸ਼ਿਕ ਅਲੀ ਦੇ ਨਾਂਅ)

ਯਾਰ ਫਿਰ ਆਵੀਂ.....

ਉਸ ਰਾਤ ਸੱਚ ਜਾਣੀਂ
ਖੁਸ਼ੀ ਤੇ ਫਿਕਰਾਂ ਵਿਚ
ਪਲ ਭਰ ਨੀਂਦ ਨਹੀਂ ਆਈ

ਖੁਸ਼ ਸਾਂ ਤੂੰ ਸਲਾਮਤ ਹੈਂ
ਗੰਗਾ 'ਚ ਡੁਬਕੀ ਲਾਉਂਦਿਆਂ
ਰੁੜ੍ਹਦਿਆਂ ਡੁੱਬਦਿਆਂ
ਕਿਤੇ ਕੋਈ ਹਰਜ ਤਾਂ ਨ੍ਹੀ ਪੁੱਜਾ
ਇਹੋ ਚਿੰਤਾ ਸੀ

ਬੇਸਬਰੀ ਨਾਲ ਸਾਲ ਭਰ
ਸਾਉਣ ਦੇ ਮਹੀਨੇ ਵਿਚ
ਤੁਹਾਨੂੰ ਮਿਲਣ ਦੀ
ਤਾਂਘ ਰਹਿੰਦੀ ਹੈ
ਰੂਹ
ਮੁਹੱਬਤਾਂ ਦੇ ਸੁਪਨ ਲੈਂਦੀ ਹੈ

ਮੈਨੂੰ ਕਦੀ
ਤੇਰੇ ਤੇ ਆਪਣੇ ਵਿਚ
ਕੋਈ ਫਰਕ ਨਹੀਂ ਲੱਗਾ
ਨਾ ਬੋਲਣ ਦਾ
ਨਾ ਖਾਣ ਦਾ
ਨਾ ਪੀਣ ਦਾ
ਨਾ ਜੀਣ ਦਾ

ਬਸ ਮਜ਼ਹਬਾਂ ਦਾ ਅੰਤਰ ਹੈ
ਲਗਦਾ ਉਹ ਵੀ ਦੁਨਿਆਵੀ ਛਡਯੰਤਰ ਹੈ
ਇਹ ਮੇਟਿਆ ਜਾ ਸਕਦਾ
ਸਮੇਟਿਆ ਜਾ ਸਕਦਾ
ਨਾ ਮੇਰਾ ਕੋਈ ਸ਼ਿਕਵਾ ਹੈ ਰਾਮ ਸੰਗ
ਨਾ ਤੇਰਾ ਕੋਈ ਝਗੜਾ ਰਹਿਮਾਨ ਸੰਗ

ਤੇਰੇ ਮੇਰੇ
ਸ਼ਰੀਕਾਂ ਦੀ ਅੱਖ ਗਹਿਰੀ ਹੈ
ਬਚ ਕੇ ਰਹੀਂ
ਮੈਂ ਵੀ ਰਹਾਂਗਾ ਸਾਵਧਾਨ
ਮਿਲ ਬੈਠਾਂਗੇ
ਰਾਮ ਨਾਲ ਰਹਿਮਾਨ ਨਾਲ

ਤੇਰਾ ਬਦਨ ਤੇ ਪਹਿਰਾਵਾ ਦੇਖ
ਮੈਂ ਸਮਝ ਸਕਦਾਂ
ਮੇਰੀ ਮਾਂ ਦੀ ਤਰ੍ਹਾਂ
ਤੇਰੀ ਅੰਮਾ ਵੀ
ਬੀਮਾਰ ਹੋਵੇਗੀ
ਲਾਚਾਰ ਹੋਵੇਗੀ
ਧੀ ਦੇ ਹੱਥ ਪੀਲੇ ਕਰਨ ਲਈ
ਬੇਜ਼ਾਰ ਹੋਵੇਗੀ

ਮੇਰਾ ਘਰ ਵੀ
ਤੇਰੇ ਘਰ ਵਰਗਾ
ਭੁਰਭੁਰਾ ਜੇਹਾ
ਵਸੀਲਾ ਰਹਿਣ ਦਾ
ਹੈ ਖਤਰਾ ਢਹਿਣ ਦਾ

ਦੋਸਤ...
ਤੇਰੇ ਗਰਾਂ ਉੱਤੇ
ਕਿਣਮਿਣ ਹੁੰਦੀ ਹੋਏਗੀ
ਸਾਡੇ ਸ਼ਹਿਰ ਤਾਂ
ਸਾਉਣ ਦੀਆਂ ਝੜੀਆਂ 'ਚ
ਤੱਤੀਆਂ ਹਵਾਵਾਂ ਦੀ
ਚੱਲ ਰਹੀ ਹਨੇਰੀ ਹੈ
ਦਿਨ ਵੀ ਚੰਦਰਾ ਹੈ
ਰਾਤ ਅੰਧੇਰੀ ਹੈ

ਯਾਰ...
ਕੋਈ ਸਾਂਝਾ ਘਰ ਲੈ ਕੇ
ਗੁਫਤਗੂ ਕਰੀਏ
ਮਾਂ ਸਾਹਵੇਂ ਬਹਿ ਕੇ
ਮੁਹੱਬਤਾਂ ਦੀ ਬਾਤ ਪਾਈਏ
ਗੱਲਾਂ ਕਰਦੇ ਹੀ ਸੌਂ ਜਾਈਏ।
ਤੇਰਾ ਨਾਂਅ ਕੀ ਹੈ ਮੈਨੂੰ ਪਤਾ ਨਹੀਂ
ਕਿਸੇ ਕਾਂਵੜੀਏ ਵੀਰ ਦੇ ਹੱਥ
ਸਿਰਨਾਵਾਂ ਲਿਖ ਭੇਜੀਂ
ਆਸ਼ਿਕ ਅਲੀ ਦੇ ਨਾਂਅ
ਮੈਂ ਏਥੇ ਹੀ ਹੁੰਦਾ ਹਾਂ
ਮਾਤਾ ਦਾ ਹੱਥ ਘੁੱਟ ਕੇ
ਮੇਰਾ ਪ੍ਰਣਾਮ ਕਹਿ ਦੇਵੀਂ
ਮੈਂ ਵੀ ਅੰਮਾਂ ਨੂੰ ਪਹੁੰਚਾ ਦੇਵਾਂਗਾ
ਤੇਰਾ ਸਲਾਮ

ਅਗਲੇ ਸਾਲ
ਮੈਂ ਸਾਥ੍ਰੂ ਨੂੰ ਅਰਜ਼ੀ ਦੇ
ਏਥੇ ਹੀ ਹਰ ਕੀ ਪੌੜੀ 'ਤੇ
ਡਿਊਟੀ 'ਤੇ ਹੋਵਾਂਗਾ
ਰਾਹਾਂ 'ਚ ਅੱਖੀਆਂ ਵਿਛਾ
ਤੈਨੂੰ ਉਡੀਕਾਂਗਾ
ਤੇਰੀ ਬਾਂਹ ਫੜ ਕੇ
ਡੁਬਕੀ ਲੁਆਵਾਂਗਾ
ਇਕੱਠਿਆਂ ਬੈਠ ਕੇ
ਫਿਰ ਖੀਰ ਖਾਵਾਂਗੇ
ਕੋਈ ਭਜਨ ਕੋਈ ਨਾਤ ਗਾਵਾਂਗੇ।

— ਮੰਗਤ ਰਾਮ ਪਾਸਲਾ

ਔਰਤ

ਉੱਚਾ ਰੁਤਬਾ ਔਰਤ ਦਾ, ਜਿਹਨੇ ਜੰਮੇ ਪੀਰ-ਪੈਗੰਬਰ।
ਦਿੱਤਾ ਮਾਣ ਵੱਡਿਆ ਨੇ ਜਿਹਨੂੰ, ਉਹ ਉਡਦੀ ਵਿਚ ਅੰਬਰ।
ਮਾਂ, ਭੈਣ, ਪਤਨੀ ਤੇ ਧੀ ਦੇ ਰੂਪ ਵਿੱਚ, ਸੰਸਾਰ 'ਤੇ ਬਹੁਤ ਰੰਗਾਂ ਵਿਚ ਹੈ ਆਈ,
ਦਾਦੀ, ਨਾਨੀ, ਮਾਸੀ, ਚਾਚੀ ਤੇ ਤਾਈ ਹਰੇਕ ਰਿਸ਼ਤੇ ਦੇ ਰੂਪ ਵਿੱਚ ਆਪਣਾ ਫਰਜ਼ ਨਿਭਾਇਆ।
ਬਿਨਾਂ ਔਰਤ ਦੇ ਘਰ ਤਾਂ ਜਾਪੇ, ਜਿਵੇਂ ਹੁੰਦਾ ਹੈ ਖੰਡਰ,
ਉੱਚਾ ਰੁਤਬਾ ਔਰਤ ਦਾ, ਜਿਹਨੇ ਜੰਮੇ ਪੀਰ-ਪੈਗੰਬਰ।

ਔਰਤ ਦੀ ਕੁੱਖ ਵਿਚੋਂ ਲਿਆ ਜਨਮ ਤੂੰ,
ਤੈਨੂੰ ਕਾਹਦਾ, ਆਪਣੇ 'ਤੇ ਮਾਣ,
ਔਰਤ ਬਿਨਾਂ ਨਹੀਂ ਚੱਲ ਸਕਦਾ, ਇਹ ਸਾਰਾ ਜਹਾਨ।

ਕਿਥੇ ਸੀ, ਕਿਥੇ ਪਹੁੰਚ ਗਈ,
ਸਿੱਖਿਆ ਅਤੇ ਮਿਹਨਤ ਬਲਬੂਤੇ, ਨਿਵੇਕਲੀ ਆਪਣੀ ਪਛਾਣ ਬਣਾਈ,
ਪੜ੍ਹ-ਲਿਖ ਕੇ, ਆਪਣੇ ਪੈਰਾਂ 'ਤੇ ਖਲੋ, ਰਹੀ ਬੁਲੰਦੀਆਂ ਛੂਹ।

ਅੱਜ ਉਹ ਕਰੇ ਨੌਕਰੀ, ਘਰ ਵੀ ਉਹ ਸੰਭਾਲੇ,
ਔਰਤ ਸਿਆਣਪ ਅਤੇ ਸ਼ਕਤੀ ਦੀ ਮੂਰਤ।
ਉਸ ਦੇ ਹੌਸਲੇ ਹਮੇਸ਼ਾ ਰਹੇ ਬੁਲੰਦ,
ਔਰਤ ਮਰਦ ਦੇ ਬਰਾਬਰ ਨਹੀਂ ਬਲਕਿ ਉਸ ਤੋਂ ਅਗੇਰੇ ਉਡਾਰੀਆਂ ਲਾਵੇ।

ਪਰ ਅੱਜ ਵੀ ਉਸ ਦੇ ਸੰਘਰਸ਼ੀ ਰਸਤੇ ਦੀਆਂ ਔਕੜਾਂ ਖ਼ਤਮ ਨਹੀਂ ਹੋਈਆਂ,
ਅਜੋਕੇ ਸਮਾਜ ਦੀ ਸੋਚ ਤੇ ਨਜ਼ਰੀਆ ਉਸ ਲਈ ਉਥੇ ਦਾ ਉਥੇ।
ਅੱਜ ਵੀ ਉਹ ਬਹੁਤੇ ਹਾਲਾਤ ਵਿੱਚ ਤ੍ਰਿਸਕਾਰ ਦਾ ਪਾਤਰ ਬਣੀ ਹੋਈ ਹੈ,
ਔਰਤ ਪ੍ਰਤੀ ਸੋਚ ਤੇ ਨਜ਼ਰੀਆ ਬਦਲਣ ਦੀ ਹੈ ਸਖ਼ਤ ਜ਼ਰੂਰਤ।
ਔਰਤ ਨੂੰ ਬਣਦਾ ਦੇਣਾ ਸਤਿਕਾਰ,
ਇਹ ਸਮਾਜ ਦੀ ਹੈ ਜ਼ਿੰਮੇਵਾਰੀ।

- ਡਾਕਟਰ ਸੁਨੀਤਾ ਕੌਸ਼ਲ ਪ੍ਰਿੰਸੀਪਲ,
ਸੰਪਰਕ 99146-97976

ਸਾਉਣ

ਮਹੀਨਾ ਸੌਣ ਦਾ ਬੜਾ ਨਿਆਰਾ।
ਲੱਗੇ ਸਭ ਨੂੰ ਪਿਆਰਾ-ਪਿਆਰਾ।
ਘਟਾ ਕਾਲੀਆਂ ਚੜ੍ਹ-ਚੜ੍ਹ ਆਵਣ,
ਮੋਰ ਬਾਗਾਂ ਵਿੱਚ ਪੈਲਾਂ ਪਾਵਣ।
ਹਰ ਪਾਸੇ ਹੈ ਦ੍ਰਿਸ਼ ਪਿਆਰਾ,
ਮਹੀਨਾ ਸਾਉਣ.....
ਲੱਗੇ ਸਭ ਨੂੰ ਪਿਆਰਾ ਪਿਆਰਾ ।
ਕੁੜੀਆਂ ਪਿੱਪਲੀਂ ਪੀਂਘਾਂ ਪਾਵਣ,
ਨੱਚਣ-ਗਾਵਣ ਖੁਸ਼ੀ ਮਨਾਵਣ।
ਖੁਸ਼ੀਆਂ ਭਰਿਆ ਹੈ ਵਿਹੜਾ ਸਾਰਾ,
ਮਹੀਨਾ ਸਾਉਣ..... .
ਲੱਗੇ ਸਭ ਨੂੰ ਪਿਆਰਾ-ਪਿਆਰਾ।
ਸੱਜਰ ਵਿਆਹੀਆਂ ਵੀ ਪੇਕੇ ਆਵਣ,
ਸਖੀਆਂ ਮਿਲ ਸਭ ਤੀਆਂ ਮਨਾਵਣ।
ਬਚਪਨ ਵਿੱਚ ਮੁੜ ਜਾਣ ਦੁਬਾਰਾ,
ਮਹੀਨਾ ਸਾਉਣ.....
ਲੱਗੇ ਸਭ ਨੂੰ ਪਿਆਰਾ-ਪਿਆਰਾ।
ਮੱਕੀਆਂ, ਬਾਜਰੇ ਝੂਮਣ ਗਾਵਣ,
ਜੋਬਨ ਰੁੱਤ ਦਾ ਮਜ਼ਾ ਉਠਾਵਣ।
ਕੁਦਰਤ ਦਾ ਹੈ ਅਜਬ ਨਜ਼ਾਰਾ,
ਮਹੀਨਾ ਸਾਉਣ ....
ਲੱਗੇ ਸਭ ਨੂੰ ਪਿਆਰਾ-ਪਿਆਰਾ।
ਸੁਆਣੀਆਂ ਖੀਰ-ਪੂੜੇ ਪਕਾਵਣ,
ਨਿੱਕੇ, ਵੱਡੇ ਖੁਸ਼ੀ ਨਾਲ ਖਾਵਣ।
ਖੁਸ਼ ਨਜ਼ਰ ਆਉਂਦਾ ਜੱਗ ਸਾਰਾ,
ਮਹੀਨਾ ਸਾਉਣ ਦਾ ਬੜਾ ਨਿਆਰਾ,
ਲੱਗੇ ਸਭ ਨੂੰ ਪਿਆਰਾ-ਪਿਆਰਾ

— ਹਰਜਿੰਦਰ ਕੌਰ
ਸੰਪਰਕ 94642-88784

ਪੇਂਡੂ ਅਤੇ ਐਨਕ

ਇੱਕ ਪੇਂਡੂ ਸੀ ਤੇ ਉਹ ਅਨਪੜ੍ਹ ਵੀ ਸੀ। ਯਾਨੀ ਉਹਨੂੰ ਪੜ੍ਹਨਾ-ਲਿਖਣਾ ਨਹੀਂ ਸੀ ਆਉਂਦਾ। ਉਹਨੇ ਅਕਸਰ ਲੋਕਾਂ ਨੂੰ ਕਿਤਾਬਾਂ ਜਾਂ ਅਖ਼ਬਾਰ ਪੜ੍ਹਦਿਆਂ ਐਨਕਾਂ ਲਾਈ ਵੇਖਿਆ ਸੀ।

ਉਹਨੇ ਸੋਚਿਆ, 'ਜੇ ਮੇਰੇ ਕੋਲ ਐਨਕ ਹੋਵੇ ਤਾਂ ਮੈਂ ਵੀ ਇਨ੍ਹਾਂ ਲੋਕਾਂ ਵਾਂਗ ਪੜ੍ਹ ਸਕਦਾ ਹਾਂ। ਮੈਨੂੰ ਸ਼ਹਿਰ ਜਾਣਾ ਚਾਹੀਦਾ ਹੈ ਅਤੇ ਆਪਣੇ ਲਈ ਐਨਕ ਖਰੀਦਣੀ ਚਾਹੀਦੀ ਹੈ।' ਇਸ ਲਈ ਇੱਕ ਦਿਨ ਉਹ ਸ਼ਹਿਰ ਗਿਆ ਅਤੇ ਇੱਕ ਐਨਕਾਂ ਦੀ ਦੁਕਾਨ ਵਿੱਚ ਪਹੁੰਚਿਆ। ਉਹਨੇ ਦੁਕਾਨਦਾਰ ਨੂੰ ਚੰਗੀ ਜਿਹੀ ਐਨਕ ਵਿਖਾਉਣ ਲਈ

4-Aug-Sunday.qxd 8/3/2024 10:49 PM Page 2

ਲੁਕਵੇਂ ਪਰਚੇ

ਗੁਰਚਰਨ ਸਿੰਘ ਸਹਿੰਸਰਾ

ਅੰਗਰੇਜ਼ੀ ਸਾਮਰਾਜ ਕੌਮੀ ਆਜ਼ਾਦੀ ਦੀ ਲਹਿਰ ਦੇ ਤੇ ਖਾਸ ਕਰ ਇਸ ਦੇ ਇਨਕਲਾਬੀ ਅੰਗ ਦੇ ਜਲਸਿਆਂ, ਜਲੂਸਾਂ ਤੇ ਤਕਰੀਰਾਂ ਨੂੰ ਹੀ ਨਹੀਂ ਸੀ ਰੋਕਦੇ, ਸਗੋਂ ਇਸ ਦੇ ਅਖ਼ਬਾਰ ਛਪਤਾਂ ਤੇ ਪ੍ਰੈੱਸਾਂ ਨੂੰ ਵੀ ਨਹੀਂ ਸੀ ਚਲਣ ਦਿੰਦਾ। ਜੇ ਕੋਈ ਅਖ਼ਬਾਰ ਜਾਂ ਛਪਤ ਅੰਗਰੇਜ਼ੀ ਰਾਜ ਦੀ ਹਿੰਦ 'ਤੇ ਪਾਈ ਹੋਈ ਗੁਲਾਮੀ ਦੀ ਛੁਟ ਉੱਤੇ ਮਾੜੀ-ਮੋਟੀ ਵੀ ਨੁਕਤਾਚਾਨੀ ਕਰ ਦੇਵੇ ਜਾਂ ਹਿੰਦੁਸਤਾਨ ਦੀ ਆਜ਼ਾਦੀ ਦੀ ਮੰਗ ਕਰ ਲਵੇ ਜਾਂ ਇਸ ਦੀ ਪਰਾਪਤੀ ਲਈ ਜਨਤਾ ਨੂੰ ਵੰਗਾਰ ਦੇਵੇ ਤਾਂ ਉਸ ਐਡੀਟਰ ਜਾਂ ਛਪਤਕਾਰ ਨੂੰ ਗਰਿਫਤਾਰ ਕਰ ਲਿਆ ਜਾਂਦਾ ਤੇ ਬਗਾਵਤ ਦਾ ਪਰਚਾਰ ਕਰਨ ਦੇ ਦੋਸ਼ ਵਿਚ ਕੈਦ ਕਰ ਦਿੱਤਾ ਜਾਂਦਾ। ਇਸ ਛਪਾਈ ਦੇ ਦੋਸ਼ ਵਿਚ ਪਰੈਸ ਵਾਲੇ ਪਾਸੋਂ ਮੁੜ ਛਾਪਣ ਤੋਂ ਹੋੜੀ ਰੱਖਣ ਲਈ ਹਜ਼ਾਰਾਂ ਰੁਪਇਆਂ ਦੀ ਨਕਦ ਜ਼ਮਾਨਤ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਵਾਈ ਜਾਂਦੀ, ਇਹ ਜ਼ਮਾਨਤ ਜ਼ਰਾ-ਜ਼ਰਾ ਜਿੰਨੇ ਇਤਰਾਜ਼ਾਂ ਉੱਤੇ ਜ਼ਬਤ ਕਰ ਲਈ ਜਾਂਦੀ ਤੇ ਫੇਰ ਦੁਗਣੀ ਹੋਰ ਮੰਗ ਲਈ ਜਾਂਦੀ। ਬਗ਼ੈਰ ਨਕਦ ਜ਼ਮਾਨਤ ਤੋਂ ਨ ਰਾਜਸੀ ਅਖ਼ਬਾਰ ਤੇ ਨ ਉਹ ਪ੍ਰੈੱਸ ਚਲਣ ਦਿੱਤਾ ਜਾਂਦਾ, ਜਿੱਥੇ ਅਖ਼ਬਾਰ ਛਪਣਾ ਹੋਵੇ। ਇਸ ਲਈ ਅੰਗਰੇਜ਼ੀ ਰਾਜ ਵਿਚ ਇਨਕਲਾਬੀ ਸਾਹਿਤ ਦਾ ਖੁਲੇ ਬਾਜ਼ਾਰ ਵਿਚ ਛਪਣਾ ਮੁਸ਼ਕਿਲ ਤੋਂ ਅਸੰਭਵ ਬਣਾ ਦਿੱਤਾ ਗਿਆ ਹੋਇਆ ਸੀ।ਕਿਰਤੀ ਲਹਿਰ ਦਾ ਹੈਡਕਵਾਟਰ ਅੰਮ੍ਰਿਤਸਰ ਹੁੰਦਾ ਸੀ।

ਅਸਾਂ 1933 ਵਿਚ ਪੰਜਾਬ ਕਿਰਤੀ ਕਿਸਾਨ ਪਾਰਟੀ ਦਾ ਐਲਾਨ ਨਾਮਾ ਛਪਵਾਇਆ, ਜਿਸ ਵਿਚ ਪਾਰਟੀ ਨੇ, ਦੇਸ਼ ਦੀ ਪੂਰਨ ਆਜ਼ਾਦੀ ਪਰਪਾਤ ਕਰਨ ਤੋਂ ਬਾਅਦਾ ਮਜ਼ਦੂਰਾਂ, ਕਿਸਾਨਾਂ ਦੀ ਹਕੂਮਤ ਸਥਾਪਤ ਕਰਕੇ ਦੇਸ਼ ਵਿਚ ਸਮਾਜਵਾਦ ਦੀ ਸਥਾਪਣਾ ਵਾਸਤੇ ਪੁਟੇ ਜਾਣ ਵਾਲੇ ਕਦਮਾਂ ਦਾ ਪਾਰਟੀ ਪਰੋਗਰਾਮ ਦਿੱਤਾ ਹੋਇਆ ਸੀ। ਅੰਗਰੇਜ਼ੀ ਸਰਕਾਰ ਨੇ ਨ ਕੇਵਲ ਇਹ ਜ਼ਬਤ ਹੀ ਕਰ ਲਿਆ, ਸਗੋਂ ਇਸ ਦੇ ਛਪਾਉਣ ਵਾਲੇ ਦਲੀਪ ਸਿੰਘ ਜੌਹਲ ਨੂੰ ਇਹ ਛਾਪਣ ਦੇ ਦੋਸ਼ ਵਿਚ ਛੇ ਮਹੀਨੇ ਕੈਦ ਕਰ ਦਿੱਤਾ। ਛਪਤ ਉੱਤੇ ਬਿਨਾਸ਼ਕ ਦਲੀਪ ਸਿੰਘ ਜੌਹਲ ਦਾ ਨਾਂ ਸੀ, ਪਰ ਦਰਅਸਲ ਛਪਵਾਇਆ ਮੁਹੱਬਤ ਸਿੰਘ ਕੋਟ ਸੋਂਧਾ ਨੇ ਸੀ। ਪੁਲੀਸ ਨੇ ਮੁਹੱਬਤ ਸਿੰਘ ਨੂੰ ਹੀ ਦਲੀਪ ਸਿੰਘ ਮਿਥ ਕੇ ਫੜ ਲਿਆ। ਉਹ ਵੀ ਮੀਸਣਾ ਬਣ ਕੇ ਜੌਹਲ ਦੇ ਨਾਂ ਉੱਤੇ ਕੈਦ ਕੱਟ ਆਇਆ।

ਅਸੀਂ ਗ਼ਦਰੀ ਬਾਬਿਆਂ ਤੇ ਮਾਰਸ਼ਲ ਲਾ (1919) ਦੇ ਉਮਰ ਕੈਦੀਆਂ ਨੂੰ ਰਿਹਾ ਕਰਵਾਉਣ ਲਈ 1933-36 ਤਕ ਰਾਜਸੀ ਕੈਦੀ ਛਡਾਊ ਲਹਿਰ ਚਲਾਈ, ਜਿਸ ਦੇ ਜ਼ੋਰ ਅੱਗੇ ਅੰਗਰੇਜ਼ੀ ਹਕੂਮਤ ਨੂੰ ਗ਼ਦਰ ਪਾਰਟੀ ਦੇ ਜੇਲ੍ਹਾਂ ਵਿਚ ਰੁਲ ਰਹੇ ਸਾਰੇ ਬਾਬੇ ਤੇ ਮਾਰਸ਼ਲ ਲਾ ਦੇ ਉਮਰਕੈਦੀ ਰਿਹਾਅ ਕਰਨ ਲਈ ਝੁਕਣਾ ਪਿਆ। ਰਾਜਸੀ ਕੈਦੀ ਛਡਾਊ ਕਮੇਟੀ ਨੇ ਜੇਲ੍ਹਾਂ ਵਿਚ ਬੰਦ ਸਿਆਸੀ ਉਮਰਕੈਦੀਆਂ ਬਾਰੇ ਇਕ ਕਿਤਾਬ ਛਾਪੀ। ਸਰਕਾਰ ਨੇ ਇਸ ਨੂੰ ਅਨਮੰਨਿਆਂ ਅਖ਼ਬਾਰ ਕਰਾਰ ਦੇ ਕੇ ਕਮੇਟੀ ਦੇ ਪਰਧਾਨ ਬਾਬਾ ਸੋਹਣ ਸਿੰਘ ਭਕਨਾ ਤੇ ਪਰੈਸ ਵਾਲੇ ਨੂੰ ਪਰੈਸ ਐਕਟ ਦੀ ਉਲੰਘਣਾ ਦੇ ਦੋਸ਼ ਵਿਚ ਛੇ-ਛੇ ਮਹੀਨੇ ਕੈਦ ਕਰ ਦਿੱਤਾ।

ਕੁਝ ਸਾਡੀਆਂ ਇਹਨਾਂ ਛਪਤਾਂ ਤੇ ਚਲੇ ਮੁਕਦਮਿਆਂ ਤੇ ਬਾਕੀ ਪੁਲੀਸ ਦੇ ਪਰੈਸਾਂ ਵਾਲਿਆਂ ਨੂੰ ਡਰਾਉਣ, ਧਮਕਾਉਣ ਨਾਲ ਪਰੈਸਾਂ ਵਾਲੇ ਐਨੇ ਡਰ ਗਏ ਕਿ ਸਾਡੀਆਂ ਵਕੀਲਾਂ ਤੋਂ ਪਾਸ ਕਰਵਾਈਆਂ ਹੋਈਆਂ ਛਪਤਾਂ ਵੀ ਛਾਪਣੋਂ ਕੰਨਾਂ ਤੇ ਹੱਥ ਧਰ ਗਏ। ਇੱਥੋਂ ਤਕ ਕਿ ਸਾਡੇ ਜਲਸਿਆਂ ਦੇ ਇਸ਼ਤਿਹਾਰ ਵੀ ਨ ਛਾਪਿਆ ਕਰਨ। ਇਹ ਅਸਾਂ ਲਾਹੌਰੋਂ ਜਾਂ ਜਲੰਧਰੋਂ ਜਾ ਕੇ ਛੁਪਵਾਕੇ ਲਿਆਉਣੇ।

1934 ਵਿਚ ਅਸਾਂ 'ਕਿਰਤੀ' ਨਾਂ ਦਾ ਹਫਤਾਵਾਰੀ ਗੁਰਮੁਖੀ ਅਖ਼ਬਾਰ ਫੇਰ ਜਾਰੀ ਕਰ ਲਿਆ। ਇਸ ਦੇ ਐਡਟਰੀ ਸਟਾਫ ਵਿਚ ਅਰਜਨ ਸਿੰਘ ਗੜਗੱਜ ਤੇ ਮੈਂ ਵੀ ਸਾਂ। ਗੜਗੱਜ ਸਾਨੂੰ ਛੇਤੀ ਹੀ ਛੱਡ ਗਿਆ। ਗੜਗੱਜ ਤੇ ਮੈਂ ਐਡਟਰੀ ਸਿਖੀ ਤੇ 1938 ਤੱਕ 'ਕਿਰਤੀ ਦੇ ਐਡਟਰੀ ਸਟਾਫ ਵਿਚ ਉਘੀ ਥਾਂ ਲਈ ਰੱਖੀ।

ਇਸ ਅਖ਼ਬਾਰ ਤੇ ਜਿਸ ਪਰੈਸ ਵਿਚੋਂ (ਗੁਰੂ ਰਾਮਦਾਸ ਪਰੈਸ) ਛਪਵਾਉਣਾ ਸ਼ੁਰੂ ਕੀਤਾ, ਉਸ ਦੀਆਂ ਸਾਨੂੰ 500-500 ਰੁਪਏ ਦੀਆਂ ਦੋ ਜ਼ਮਾਨਤਾਂ ਨਕਦ ਜਮ੍ਹਾਂ ਕਰਵਾਉਣੀਆਂ ਪਈਆਂ। ਅਸੀਂ ਬਹੁਤ ਬਚ ਬਚ ਕੇ ਲਿਖਦੇ ਸਾਂ। ਸਾਡਾ ਮਨਸ਼ਾ ਸੀ, ਹੋਰ ਨਹੀਂ ਤਾਂ ਘਟੋ-ਘਟ ਸਾਡੀ ਸਰਗਰਮੀ ਦੀਆਂ ਖ਼ਬਰਾਂ ਹੀ ਛਪ ਜਾਇਆ ਕਰਨ, ਜੋ ਦੂਸਰੇ ਅਖ਼ਬਾਰ ਅੰਗਰੇਜ਼ੀ ਰਾਜ ਤੋਂ ਡਰਦੇ ਮਾਰੇ ਨਹੀਂ ਛਾਪਦੇ ਹੁੰਦੇ ਸਨ। ਇਕ ਵੇਰਾਂ ਇਹ ਜ਼ਮਾਨਤ ਜ਼ਬਤ ਹੋ ਗਈ। ਫੇਰ ਸਾਨੂੰ ਹਜ਼ਾਰ-ਹਜ਼ਾਰ ਦੀਆਂ ਦੋ ਹੋਰ ਜ਼ਮਾਨਤਾਂ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਵਾਣੀਆਂ ਪਈਆਂ।

ਜ਼ਮਾਨਤਾਂ ਦੀ ਜ਼ਬਤੀ ਦੇ ਡਰ ਦੀ ਸਿਰ ਤੇ ਲਟਕ ਰਹੀ ਤਲਵਾਰ ਹੇਠ 'ਕਿਰਤੀ' ਸਾਡੇ ਸਮਾਜਵਾਦੀ ਤੇ ਦੇਸ਼ ਭਗਤੀ ਦੇ ਵਿਚਾਰਾਂ ਦੇ ਪਰਚਾਰ ਤੇ ਅੰਗਰੇਜ਼ੀ ਰਾਜ ਦੀਆਂ ਪਾਲਸੀਆਂ ਤੇ ਪੋਲੀ ਪੋਲੀ ਮੱਤਾਂ ਦੇਣ ਵਾਲੀ ਨੁਕਤਾਚੀਨੀ ਕਰਨ ਦਾ ਕੰਮ ਤਾਂ ਦਿੰਦਾ ਸੀ, ਪਰ ਉਹ ਅੰਗਰੇਜ਼ੀ ਸਰਕਾਰ ਦੇ ਹਿੰਦੁਸਤਾਨ ਉੱਤੇ ਜਮਾਏ ਹੋਏ ਰਾਜ ਹੱਕ ਤੇ ਆਪਣੀ ਗੁਲਾਮੀ ਦੀ ਦਸ਼ਾ ਨੂੰ ਨੌਲ ਨਹੀਂ ਸੀ ਸਕਦਾ, ਆਜ਼ਾਦੀ ਦੀ ਮੰਗ ਨਹੀਂ ਸੀ ਕਰ ਸਕਦਾ ਤੇ ਲੋਕਾਂ ਨੂੰ ਕੌਮੀ ਅਜ਼ਾਦੀ ਤੇ ਸਮਾਜਵਾਦ ਦੀ ਪਰਾਪਤੀ ਲਈ ਘੋਲ ਕਰਨ ਲਈ ਤੇ ਬਗਾਵਤ ਵਿਚ ਉਠਣ ਲਈ ਪੁਕਰ ਜਾਂ ਲਲਕਾਰ ਨਹੀਂ ਸੀ ਸਕਦਾ। ਇਸ ਰਾਹੀਂ ਅਸੀਂ ਲੋਕਾਂ ਵਿਚ ਕਮਿਊਨਿਸਟ ਪਾਰਟੀ ਦਾ ਨਾਂ ਨਹੀਂ ਲਿਜਾ ਸਕਦੇ। ਅੰਗਰੇਜ਼ੀ ਸਾਮਰਾਜ ਦੇ ਕੌਮੀ ਤੇ ਇਨਕਲਾਬੀ ਪਰੈਸ ਨੂੰ ਦਿੱਤੇ ਇਸ ਗਲ-ਘੋਟੂ ਤੋਂ ਤੰਗ ਆ ਕੇ ਸਾਨੂੰ ਆਪਣੇ ਇਨਕਲਾਬੀ ਵਿਚਾਰਾਂ ਤੇ ਪਰੋਗਰਾਮ ਲਈ ਲੁਕਵਾਂ ਸਾਹਿਤ ਛਾਪਣ ਤੇ ਵੰਡਣ ਦੀ ਲੋੜ ਰਹਿੰਦੀ।

ਪਹਿਲਾਂ ਤਾਂ ਅਸੀਂ ਆਮ ਪਰੈਸਾਂ ਵਿਚੋਂ ਕਿਤੇ ਹਿਤਾਇਸ਼ੀ ਪਾਸੋਂ ਪਰੈਸ ਦਾ ਨਾਂ ਨ ਦੇ ਕੇ ਤੇ ਉਸ ਨਾਲ ਪਰੈਸ ਦਾ ਨਾਂ ਨ ਦੱਸਣ ਦਾ ਇਕਰਾਰ ਕਰਕੇ ਆਪਣੀਆਂ ਇਨਕਲਾਬੀ ਛਪਤਾਂ ਵੇਲੇ ਕੁ-ਵੇਲੇ ਛੁਪਵਾ ਲੈਂਦੇ ਰਹੇ। ਪਰ ਜਦ 1935-36 ਵਿਚ ਜਾ ਕੇ ਕੌਮੀ ਲਹਿਰ ਵਿਚ ਮੁੜ ਉਭਾਰ ਆਉਣ ਲੱਗਾ ਤੇ ਇਹ ਚਮਕਣ ਲੱਗ ਪਈ ਤਾਂ ਲੋੜ ਜਾਪੀ ਕਿ ਅਸੀਂ ਲੁਕਵੇਂ ਲਿਟਰੇਚਰ ਛਾਪਣ ਦਾ ਆਪ ਬੰਦੋਬਸਤ ਕਰੀਏ। ਇਸ ਸਮੇਂ ਤੱਕ ਗ਼ਦਰ ਪਾਰਟੀ ਨੇ ਬਾਹਰ ਟਾਪਆਂ ਵਿਚੋਂ ਬਹੁਤ ਸਾਰੇ ਗ਼ਦਰੀ ਵਰਕਰ ਮਾਸਕੋ ਤੋਂ ਸਿਖਿਆ ਦਿਵਾ ਕੇ ਹਿੰਦੁਸਤਾਨ ਭੇਜ ਦਿੱਤੇ ਗਏ ਸਨ।ਇਹਨਾਂ ਦੇ ਆਉਣ ਨਾਲ ਪਾਰਟੀ ਨੂੰ ਲੁਕਵਾਂ ਪਰੈਸ ਚਾਲੂ ਕਰਨ ਲਈ ਕਾਫ਼ੀ ਕਾਮੇ ਤੇ ਸਿਆਣੇ ਬੰਦੇ ਮਿਲ ਗਏ। ਅਸਾਂ ਕਮਿਊਨਿਸਟ ਪਾਰਟੀ ਦੀ ਪੰਜਾਬ ਕਮੇਟੀ ਵੱਲੋਂ 1935 ਵਿਚ 'ਲਾਲ ਢੰਡੋਰਾ' ਨਾਂਅ ਦਾ ਲੁਕਵਾਂ ਪਰਚਾ ਬਕਾਇਦਾ ਕੱਢਣਾ ਆਰੰਭ ਕੀਤਾ। ਇਸ ਦਾ ਐਡੀਟਰ ਤੇ ਪਰਬੰਧਕ ਭਗਤ ਸਿੰਘ ਬਿਲਗਾ ਸੀ।

ਇਸ ਕੰਮ ਲਈ ਲਾਹੌਰ ਵਿਚ ਇਕ ਛੋਟਾ ਜਿਹਾ ਟਰੈਡਲ ਮਸ਼ੀਨ ਵਾਲਾ ਗੁਮਨਾਮ ਪਰੈਸ ਖਰੀਦਿਆ ਗਿਆ, ਜਿਸ ਵਿਚ ਆਪਣੇ ਵਰਕਰ ਹੀ ਕੰਪੋਜ਼ੀਟਰ ਤੇ ਪਰੈਸ-ਮੈਨ ਰਖਕੇ ਪਰਚਾ ਤੇ ਪਾਰਟੀ ਦੀਆਂ ਹੋਰ ਇਨਕਲਾਬੀ ਛਪਤਾਂ ਛਾਪ ਲਈਆਂ ਜਾਂਦੀਆਂ।

ਅਸੀਂ ਪਰਗਟ ਕੰਮ ਕਰਨ ਵਾਲੇ ਵਰਕਰ ਇਹਨਾਂ ਨੂੰ ਸੀ ਆਈ ਡੀ ਤੇ ਪੁਲੀਸ ਦੀਆਂ ਨਜ਼ਰਾਂ ਤੋਂ ਬਚਾ ਕੇ ਢੋਂਦੇ ਤੇ ਵੰਡਦੇ ਸਾਂ। ਲਾਹੌਰ ਚਿਰਾਗਾਂ, ਅੰਮ੍ਰਿਤਸਰ ਦੀ ਦਿਵਾਲੀ-ਵਿਸਾਖੀ, ਨਨਕਾਣੇ ਦੇ ਜਨਮ ਉਤਸਵ, ਆਨੰਦਪੁਰ ਦੇ ਹੋਲੇ ਮਹੱਲੇ ਤੇ ਮੁਕਤਸਰ ਦੀ ਮਾਘੀ ਉੱਤੇ ਵੰਡਣ ਲਈ ਅਸੀਂ ਖਾਸ ਨੰਬਰ ਕੱਢਦੇ ਤੇ ਅਲੋਪਵੇਂ ਢੰਗ ਨਾਲ ਵੰਡਦੇ ਸਾਂ। ਅਸੀਂ ਇਹਨਾਂ ਮੇਲਿਆਂ ਉੱਤੇ ਕਿਸਾਨ ਸਭਾ ਜਾਂ ਕਿਰਤੀ ਕਿਸਾਨ ਪਾਰਟੀ ਦੀ ਕਾਨਫਰੰਸ ਰੱਖ ਲੈਣੀ। ਉਸ ਬਹਾਨੇ ਸਾਡੇ ਵਰਕਰ ਤੇ ਅਲੋਪ ਛਪਤਾਂ ਉੱਥੇ ਪੁਜ ਜਾਣੀਆਂ, ਜੋ ਅਸਾਂ ਰਾਤ ਦੇ ਹਨੇਰੇ ਵਿਚ ਹੱਥੋਂ ਹੱਥ ਵੰਡ ਦੇਣੀਆਂ।

ਇਕ ਵਾਰ ਇਕ ਮਨਚਲੇ ਵਰਕਰ ਚਾਚਾ ਮੁਲਕਰਾਜ ਨੇ ਅੰਮ੍ਰਿਤਸਰ ਮੰਜੀ ਸਾਹਿਬ ਲੱਗੇ ਦੀਵਾਨ ਵਿਚ ਗਰੰਥ ਸਾਹਿਬ ਮੂਹਰੇ ਮੱਥਾ ਟੇਕਣ ਵਾਲੀ ਥਾਂ ਮੂੰਹ ਹਨੇਰੇ 'ਲਾਲ ਢੰਡੋਰਾ' ਦਾ ਤਕੜਾ ਥੱਬਾ ਰੱਖ ਦਿੱਤਾ ਤੇ ਆਪ ਖਿਸਕ ਗਿਆ। ਸੰਗਤਾਂ ਮੱਥਾ ਟੇਕਣ ਆਉਣ ਤੇ ਆਪਣੇ ਆਪ ਹੀ ਇਕ-ਇਕ ਪਰਚਾ ਚੁੱਕ ਕੇ ਤੁਰੀਆਂ ਜਾਣ। ਜਦ ਨੂੰ ਸੀ ਆਈ ਡੀ ਨੂੰ ਪਤਾ ਲੱਗਾ, ਪਰਚਾ ਖ਼ਤਮ ਹੋ ਚੁੱਕਾ ਸੀ।

ਆਮ ਵੰਡਾਈ ਤੋਂ ਇਲਾਵਾ ਇਹ 'ਪਰਚਾ' ਰਾਜਸੀ ਹੱਥਾਂ ਵਿਚ ਵੀ ਪੁਚਾਇਆ ਜਾਂਦਾ। ਜਿਸ ਕਰਕੇ ਇਹ ਪਰਚਾ ਝਬਦੇ ਹੀ ਲੋਕ ਪਰਵਾਨਤ ਹੋ ਗਿਆ ਤੇ ਇਸ ਦੀ ਮੰਗ ਵਧ ਗਈ। ਇਸ ਦੇ ਜਾਣੇ-ਪਛਾਣੇ ਬਝਵੇਂ ਪਾਠਕ ਪੈਦਾ ਹੋ ਗਏ, ਜਿਨ੍ਹਾਂ ਤੋਂ ਇਸ ਦੀ ਇਕ ਇਕ ਆਨਾ ਕੀਮਤ ਲੈਣੀ ਆਰੰਭ ਦਿੱਤੀ ਗਈ। ਕਈਆਂ ਨੇ ਰੁਪਈਆ-ਰੁਪਈਆ ਵੀ ਦੇਣਾ ਤੇ ਕਈਆਂ ਨੇ ਪੰਜ, ਦਸ ਵੀ। ਇਸ ਤਰ੍ਹਾਂ ਪਰਚਾ ਆਪਣੀ ਛਪਾਈ ਆਪ ਕੱਢਣ ਲੱਗ ਪਿਆ। ਅੰਮ੍ਰਿਤਸਰ ਸ਼ਹਿਰ ਵਿਚ ਰਤਨ ਸਿੰਘ ਸਰਹਾਲੀ ਇਕੱਲਾ ਹੀ ਸੈਂਕੜੇ ਪਰਚੇ ਹਰ ਮਹੀਨੇ ਵੇਚ ਲੈਂਦਾ ਸੀ। ਪਰਚੇ ਦੀ ਵਧ ਰਹੀ ਮੰਗ ਸਾਡੇ ਤੇ ਸਵਾਰ ਰਹਿੰਦੀ ਸੀ।

1935 ਦੇ ਆਖਰੀ ਦਿਨ ਸਨ। ਅੰਮ੍ਰਿਤਸਰ ਪਿਪਲੀ ਸਾਹਿਬ ਦੇ ਗੁਰਦਵਾਰੇ ਸਾਡਾ ਇਕ ਘੋਰਨਾ ਸੀ। ਉੱਥੋਂ ਦਾ ਗਰੰਥੀ ਸਾਡਾ ਝਾਲੂ ਸੀ।'ਲਾਲ ਢੰਡੋਰੇ' ਦੀ ਅੰਮ੍ਰਿਤਸਰ ਵਾਸਤੇ ਵੰਡ ਦਾ ਇਕ ਹਜ਼ਾਰ ਪਰਚਾ ਉਸ ਦੇ ਪਾਸ ਆਇਆ।ਉਸ ਪਾਸੋਂ ਪਰਚਾ ਲਿਆਉਣ ਵਾਲਾ ਸਾਡਾ ਇਕ ਸਾਥੀ ਕਿਸੇ ਕੰਮ ਬਾਹਰ ਗਿਆ ਹੋਇਆ ਸੀ ਤੇ ਉਹ ਹਫਤਾ ਭਰ ਉੱਥੇ ਨਾ ਜਾ ਸਕਿਆ। ਇਸ ਦੇਰੀ ਨਾਲ ਉਹ ਘਾਬਰ ਗਿਆ ਤੇ ਉਸ ਨੇ ਪਤਾ ਲੱਗ ਜਾਣ ਦੇ ਡਰ ਤੋਂ ਸਾਰਾ ਪਰਚਾ ਹੀ ਫੂਕ ਸੁੱਟਿਆ।

ਪਤਾ ਲੱਗਣ ਉੱਤੇ ਅਸੀਂ ਬੜਾ ਕਲਪੇ, ਐਨਾ ਨੁਕਸਾਨ ਤੋਂ ਨਹੀਂ, ਜਿੰਨਾ ਘੋਰਨੇ ਦੀ ਕਮਜ਼ੋਰੀ ਦਿਖਾ ਜਾਣ ਦੀ ਨਮੋਸ਼ੀ ਤੋਂ। ਇਸ ਲਈ ਗਰੰਥੀ ਦੀ ਕਾਇਰਤਾ ਦਾ ਦੰਡ ਭਰਨ ਲਈ ਅਸਾਂ ਸਲਾਹ ਕੀਤੀ ਕਿ ਏਨਾਂ ਪਰਚਾ ਇੱਥੋਂ ਅੰਮ੍ਰਿਤਸਰੋਂ ਆਪ ਛਪਵਾ ਲਿਆ ਜਾਏ।

ਪਰਾਗਦਾਸ ਦੇ ਚੌਕ ਵਿਚ ਇਕ ਹਰਨਾਮ ਸਿੰਘ ਦਾ ਪਰੈਸ ਸੀ। ਸਾਡਾ ਇਕ ਵਰਕਰ ਤਰਲੋਕ ਸਿੰਘ ਗੁਲਸ਼ਨ ਉੱਥੇ ਕੰਪੋਜ਼ੀਟਰੀ ਦਾ ਕੰਮ ਸਿਖਦਾ ਸੀ।ਮੈਂ ਉਸ ਦੇ ਰਾਹੀਂ ਹਰਨਾਮ ਸਿੰਘ ਨਾਲ ਛਪਾਈ ਦੀ ਗੱਲ ਕੀਤੀ। ਹਰਨਾਮ ਸਿੰਘ ਮੰਨ ਗਿਆ। 'ਲਾਲਾ ਢੰਡੋਰੇ' ਉੱਤੇ ਦਾਤਰੀ ਹਥੌੜੇ ਦਾ ਛਪ ਰਿਹਾ ਨਿਸ਼ਾਨ ਕਿਰਲੀ ਵਰਗੀ ਦਾਤਰੀ ਦੀ ਅਜੀਬ ਹੀ ਕਿਸਮ ਦੀ ਮੂਰਤ ਸੀ।ਅਸਾਂ ਬਲਾਕ ਬਨਵਾਉਣ ਵਾਲੇ ਆਪਣੇ ਇਕ ਜਾਣੂੰ ਤੋਂ ਉਹੋ ਜਿਹੇ ਦਾਤਰੀ ਹਥੌੜੇ ਦੇ ਨਿਸ਼ਾਨਾਂ ਦੇ ਬਲਾਕ ਬਣਵਾ ਲਏ। ਜਦ ਸ਼ਾਮ ਨੂੰ ਪਰੈਸ ਵਿਚ ਛੁੱਟੀ ਹੋ ਕੇ ਬਾਕੀ ਕੰਪੋਜ਼ੀਟਰ ਚਲੇ ਗਏ ਤਾਂ ਹਰਨਾਮ ਸਿੰਘ ਤੇ ਤਰਲੋਕ ਸਿੰਘ ਨੇ ਰਾਤੋ-ਰਾਤ ਸਾਰਾ ਪਰਚਾ ਕੰਪੋਜ਼ ਕਰ ਲਿਆ ਤੇ ਤੜਕੇ ਸਵੇਰੇ ਬਿਨਾਂ ਪ੍ਰੈੱਸ ਦਾ ਨਾਂਅ ਦਿੱਤਿਆਂ ਛਾਪ ਕੇ ਸਾਡੇ ਹਵਾਲੇ ਕਰ ਦਿੱਤਾ। ਪਰਚਾ ਵੰਡ ਦਿੱਤਾ ਗਿਆ। ਅਸੀਂ ਸੁਰਖਰੂ ਹੋ ਗਏ।

ਇਸ ਤੋਂ ਕੁਝ ਹੀ ਦਿਨ ਬਾਅਦ ਜੋਸ਼ ਗਰੁੱਪ ਦੀ ਇਕ ਮਜ਼ਦੂਰ ਕਾਨਫਰੰਸ ਸੀ। ਉਹਨਾਂ ਇਸ ਕਾਨਫਰੰਸ ਲਈ ਗੁਰਮੁਖੀ ਦਾ ਇਸ਼ਤਿਹਾਰ ਉਸੇ ਹਰਨਾਮ ਸਿੰਘ ਤੋਂ ਛਪਵਾਇਆ. ਉਸ ਨੇ ਜੋਸ਼ ਹੁਰਾਂ ਤੋਂ ਤਾਂ ਦਾਤਰੀ ਹਥੌੜੇ ਦੇ ਨਿਸ਼ਾਨਾਂ ਦਾ ਬਲਾਕ ਬਨਾਉਣ ਲਈ ਪੈਸੇ ਲੈ ਲਏ, ਪਰ ਕਰਮਾਂ ਮਾਰੇ ਨੇ ਉਹ ਪੈਸੇ ਬਚਾਉਣ ਦੇ ਲਾਲਚ ਵਿਚ ਨਵੇਂ ਬਲਾਕ ਨ ਬਣਵਾਏ ਤੇ ਉਹੀ 'ਲਾਲ ਢੰਡੋਰੇ' ਵਾਲੇ ਬਲਾਕ, ਜੋ ਅਜੇ ਉੱਥੇ ਹੀ ਪਏ ਸਨ, ਉਹਨਾਂ ਦੇ ਇਸ਼ਤਿਹਾਰ ਉੱਤੇ ਛਾਪ ਦਿੱਤੇ ਤੇ ਇਸ਼ਤਿਹਾਰ ਉੱਤੇ ਪਰੈਸ ਦਾ ਨਾਂ ਨ ਛਾਪਿਆ। ਇਹਨਾਂ ਬਲਾਕਾਂ ਦੀ ਛਪਾਈ ਤੋਂ ਸੀ. ਆਈ. ਡੀ. ਨੂੰ 'ਲਾਲ ਢੰਡੋਰੇ' ਦੀ ਸਾਡੀ ਛਪਾਈ ਵਾਲੀ ਇਸ ਥਾਂ ਦਾ ਪਤਾ ਲੱਗ ਗਿਆ। ਉਹਨਾਂ ਅਮਰ ਸਿੰਘ ਤੇਗ ਨੂੰ, ਜੋ ਜੋਸ਼ ਗਰੁੱਪ ਦੀ ਮੁਛ ਸੀ, ਆ ਫੜਿਆ, ਜਿਸ ਦੇ ਨਾਂ ਤੇ ਇਸ਼ਤਿਹਾਰ ਛਪੇ ਸਨ। ਤੇਗ ਨੇ ਪਰੈਸ ਦੱਸ ਦਿੱਤੀ। ਪੁਲੀਸ ਨੇ ਉਸ ਨੂੰ ਕੇ ਪਰੈਸ ਵਾਲੇ ਹਰਨਾਮ ਸਿੰਘ ਨੂੰ ਆ ਨੱਪਿਆ। ਬੱਚਿਆਂ ਦੀ ਇਟਾਂ ਦੀ ਰੇਲ ਵਾਂਗ ਉਸ ਨੇ ਤਰਲੋਕ ਸਿੰਘ ਨੂੰ ਦੱਸ ਦਿੱਤਾ ਤੇ ਤਰਲੋਕ ਸਿੰਘ ਨੇ ਮੈਨੂੰ। ਸਾਡੇ ਤਿੰਨਾਂ ਤੇ ਮੁਕੱਦਮਾ ਚਲਿਆ। ਤਰਲੋਕ ਸਿੰਘ ਸਰਕਾਰੀ ਗਵਾਹ ਬਣ ਗਿਆ, ਪਰ ਸਜ਼ਾ ਉਸ ਨੂੰ ਵੀ ਹੋ ਗਈ। ਮੈਂ 25 ਜਨਵਰੀ 1936 ਨੂੰ ਫੜਿਆ ਗਿਆ ਤੇ ਸਾਨੂੰ 6 ਮਈ 1936 ਨੂੰ 4 ਮਹੀਨੇ ਦੀ ਸਜ਼ਾ ਹੋਈ।

ਜਦ ਮੈਂ 5 ਸਤੰਬਰ ਨੂੰ ਰਿਹਾਅ ਹੋ ਕੇ ਆਇਆ ਤਾਂ ਅਸਾਂ 'ਕਿਰਤੀ' ਦੇ ਨਾਲ ਉਰਦੂ 'ਕਿਰਤੀ' ਵੀ ਕੱਢ ਲਿਆ ਤੇ ਇਹਨਾਂ ਦੋਹਾਂ ਦੀ ਛਪਾਈ ਵਾਸਤੇ ਆਪਣਾ ਪਰੈਸ ਲਾ ਲਿਆ। ਪੰਜਾਬੀ ਲਈ ਤਾਂ ਲਾਹੌਰ ਵਾਲੀ ਪਰੈਸ ਲੈ ਆਂਦੀ ਤੇ ਉਰਦੂ ਵਾਸਤੇ ਅਲੱਗ ਬੜੇ ਕਦ ਦੀ ਲਿਥੋ ਮਸ਼ੀਨ ਖ਼ਰੀਦ ਲਈ। ਹੁਣ ਸਾਨੂੰ ਲੁਕਵੇਂ ਪਰਚਿਆਂ ਲਈ ਹੋਰ ਬੰਦੋਬਸਤ ਕਰਨਾ ਪਿਆ।

1937 ਦੇ ਅਖ਼